# ਮਨ ਤੋਂ ਧੋਖਾ ਲਾਹੁਣ ਦੇ ਗੁਰਮਤਿ ਸਾਧਨ

ਲੇਖਕ
ਡਾ. ਕਰਤਾਰ ਸਿੰਘ
(ਸੋਲਨ)

# ਮਨ ਤੋਂ ਧੋਖਾ ਲਾਹੁਣ ਦੇ ਗੁਰਮੱਤਿ ਸਾਧਨ

ਲੇਖਕ
**ਡਾਕਟਰ ਕਰਤਾਰ ਸਿੰਘ**
(ਸੋਲਨ)

*ਪ੍ਰਕਾਸ਼ਕ*
**ਗੁਰਿ ਸੰਗਤਿ**
**ਰਾਹੀਂ : ਬਲਜੀਤ ਸਿੰਘ**
**ੴ ਸਤਿਸੰਗ**
1119, ਫੇਜ਼-1, ਅਰਬਨ ਅਸਟੇਟ, ਜਲੰਧਰ-144022
E-mail : ikoankarsatsang@rediffmail.com
Website : www.ikoankarsatsang.com

| | | |
|---|---|---|
| ਮੁੱਲ | : | ''ਵੀਚਾਰ'' |
| ਮੰਤਵ | : | ''ਪਰਚਾਰ'' |



## ਸਚਖੰਡ ਵਾਸੀ ਡਾ: ਕਰਤਾਰ ਸਿੰਘ
**(15-6-1903 ਤੋਂ 30-3-1980)**

ਗੁਰਦੇਵ ਪਿਤਾ ਦਾ ਬਖਿਸ਼ਆ ਉਹ ਸਰੀਰਕ ਜਾਮਾ ਜਿਸ ਵਿਚ ਆਪ ਸ਼ਬਦ ਗੁਰੂ ਦਾ ਰਸ ਮਾਣਦੇ ਤੇ ਸੰਗਤਾਂ ਨੂੰ ਬਾਣੀ ਗੁਰੂ ਨਾਲ ਜੋੜ ਨਿਹਾਲ ਕਰਦੇ ਰਹੇ।

ੴ ਸਤਿਗੁਰ ਪ੍ਰਸਾਦਿ ॥

# ਮਨ ਤੋਂ ਮਾਇਆ ਦਾ ਧੋਖਾ ਲਾਹੁਣ ਦੇ ਗੁਰਮੱਤਿ ਸਾਧਨ

ਇਸ ਲੇਖ ਵਿਚ ਮਨ ਤੋਂ ਧੋਖਾ ਲਾਹੁਣ ਦੇ ਸਾਧਨ, ਜੋ ਗੁਰਮੱਤਿ ਦਰਸਾਂਦੀ ਹੈ, ਲਿਖੇ ਹਨ। ਪਦ 'ਧੋਖਾ' ਦਾ ਅਰਥ ਹੈ ਸੰਸਾ, ਤੌਖਲਾ, ਚਿੰਤਾ, ਸਾੜਾ, ਭੁਲੇਖਾ। ਇਹ ਧੋਖਾ, ਮਾਇਆ ਦੇ ਕਾਰਨ, ਮਨ ਤੇ ਪਇਆ ਹੋਇਆ ਹੈ। ਮਾਇਆ ਕਿਸਨੂੰ ਆਖਦੇ ਹਨ ? ਇਸ ਦੀ Defination ਗੁਰਮੱਤਿ ਵਿਚ ਇਹ ਹੈ।, "**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥" (ਪੰਨਾ ੯੨੧)** ਭਾਵ ਅਰਥ ਇਸ ਤੁਕ ਦਾ ਇਹ ਹੈ ਕਿ ਮਾਇਆ ਇਹ ਹੈ ਕਿ ਜਿਸਦੇ ਮਨ ਤੇ ਪੈਣ ਨਾਲ ਨਿਰੰਕਾਰ, ਸਿਰਜਨਹਾਰ, ਵਿਸਰ ਜਾਏ ਤੇ ਉਸਦੀ ਕੀਤੀ ਹੋਈ ਨਾਲ ਮੋਹ ਤੇ ਪਿਆਰ ਪੈ ਜਾਏ। ਇਸ ਮਾਇਆ ਦੇ ਪ੍ਰਭਾਵ ਦੇ ਪੈਣ ਤੇ ਪ੍ਰਭੂ ਨੂੰ ਵਿਸਾਰ ਕੇ ਧੋਖਾ ਖਾਈਦਾ ਹੈ। ਇਹ ਧੋਖਾ, ਮਾਇਆ ਵੇਹੜੇ ਮਨ ਨੂੰ, ਭਰਮ ਭਰਾਂਤੀ ਵਿਚ ਪਾ ਕੇ ਆਪਣੇ ਅਸਲੇ ਤੋਂ ਦੁਰਾਡੇ ਲੈ ਜਾਂਦਾ ਹੈ। ਫਲਸਰੂਪ, ਏਹੋ ਜੇਹਾ ਮਨ, ਦੁਖ ਦਾ ਮਾਰਿਆ ਹੋਇਆ ਭੁੱਖ ਦਾ ਮਾਰਿਆ ਹੋਇਆ, ਨੰਗ ਦਾ ਮਾਰਿਆ ਤੇ ਕਲੇਸ਼ ਤੇ ਵਿਕਾਰਾਂ ਦਾ ਮਾਰਿਆ ਹੋਇਆ ਇਨ੍ਹਾਂ ਦੁਖਾਂ ਨਾਲ ਪੀੜਤ ਹੁੰਦਾ ਹੈ ਤੇ ਭੰਭਲ ਭੂਸੇ ਖਾਂਦਾ ਹੈ। ਚਾਰੇ ਕੁੰਟਾਂ ਤੇ ਦਹਦਿਸ਼ਾਂ ਵਿਚ, "**ਖਿਨੁ ਆਵੈ ਤਿਲੁ ਜਾਵੈ॥"(ਪੰਨਾ ੭੩੦)** ਵਾਲੀ ਦਸ਼ਾ ਵਿਚ ਜਕੜਿਆ ਹੋਇਆ ਹੈ। ਅੰਦਰੋਂ ਪੀੜਤ ਹੋਇਆ ਤਰਲੇ ਲੈਂਦਾ ਹੈ ਤੇ ਹੋਰ ਅਨੇਕ ਸਾਧਨ, ਜਿਵੇਂ ਕਿ ਜਪ, ਤਪ, ਪੁੰਨ ਦਾਨ, ਤੀਰਥ ਇਸ਼ਨਾਨ, ਨਿਉਲੀ ਕਰਮ, ਪੂਜਾ ਅਰਚਾ,ਬੰਦਨਾ ਡੰਡਉਤ, ਖਟ ਕਰਮ, ਜੋਗੀਆਂ ਤੇ ਸਿਧਾਂ ਦੇ ਚਉਰਾਸੀਹ ਆਸਨ, ਧਾਰਮਕ ਗਰੰਥਾਂ ਦੇ ਪਾਠ ਤੇ ਵਿਚਾਰ, ਬਰਤ, ਗੋਰ, ਮੜ੍ਹੀ, ਮਠਾਂ ਦਾ ਪੁਜਾਰੀ ਬਣ ਕੇ ਉਨ੍ਹਾਂ ਦੀ ਪੂਜਾ ਕਰਦਾ ਹੈ, ਪਰ ਇਨ੍ਹਾਂ ਸਾਧਨਾਂ ਨਾਲ, ਮਾਇਆ ਦਾ ਧੋਖਾ ਮਨ ਤੋਂ ਦੂਰ ਨਹੀਂ ਹੁੰਦਾ। ਗੁਰਮਤਿ ਗਾਰੰਟੀ ਦੇਂਦੀ ਹੈ ਕਿ ਮਨ ਤੋਂ ਮਾਇਆ ਦਾ ਧੋਖਾ ਲਹਿ ਜਾਂਦਾ ਹੈ।

# ਸੋ ਗੁਰਮਤਿ ਦੇ ਸਾਧਨਾਂ ਨੂੰ ਵਰਤੋਂ ਵਿਚ ਲਿਆਵੋ

ਓਹ ਸਾਧਨ ਕੀ ਹਨ ? ਕੇਵਲ ਪ੍ਰਭੂ ਦੀ ਸਿਫਤਿ ਸਲਾਹ ਤੇ ਪ੍ਰਭੂ ਅੱਗੇ ਅਰਦਾਸਿ ਕਰੋ। ਨਿਸ਼ਚਤ ਹੀ ਮਨ ਤੋਂ ਧੋਖਾ ਲਹਿ ਜਾਇਗਾ। ਗੁਰਵਾਕ ਇਹ ਹੈ :-

**"ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥"** *(ਪੰਨਾ ੫੫੭)*

ਉਪਰੋਕਤ ਤੁਕ ਵਿਚ ਪਦ 'ਤਾਂ' ਦੀ ਵਰਤੋਂ ਕੀਤੀ ਹੈ। ਇਸਦਾ ਭਾਵ ਇਹ ਹੈ ਕਿ ਹੋਰ ਸਾਧਨਾਂ ਨਾਲ ਨਹੀਂ, ਕੇਵਲ ਸਿਫਤਿ ਸਲਾਹ ਤੇ ਅਰਦਾਸਿ ਨਾਲ ਹੀ ਧੋਖਾ ਲਹਿੰਦਾ ਹੈ, ਨਹੀਂ ਤਾਂ ਨਾ। ਕੋਈ ਵੀ ਮਨ ਤੋਂ ਮਾਇਆ ਦਾ ਧੋਖਾ ਲਾਹੁਣ ਦਾ ਇਛੁਕ- ਭਾਵ ਕਿਸੇ ਨਸਲ ਦਾ, ਕਿਸੇ ਮੁਲਕ ਦਾ, ਕਿਸੇ ਕੌਮ ਦਾ, ਕਿਸੇ ਰੰਗ ਦਾ, ਕਿਸੇ ਜ਼ਾਤ ਦਾ ਹੋਵੇ-ਇਹ ਵਰਤੋਂ ਵਿਚ ਲਿਆਇਆ ਹੋਇਆ ਨੁਸਖਾ ਵਰਤ ਕੇ, ਆਪੂੰ ਪਰਖ ਸਕਦਾ ਹੈ। ਨਿਰਸੰਦੇਹ ਸਹੀ ਪਾਏਗਾ। ਪਰ ਹਜ਼ੂਰੀ ਦੀ ਸਿਫਤਿ ਸਲਾਹ ਤੇ ਅਰਦਾਸਿ ਹੋਵੇ। ਭਾਵ (Mechanical Repetition) ਨਹੀਂ, ਸਗੋਂ ਹਜ਼ੂਰੀ ਦੀ ਸਿਫਤਿ ਸਲਾਹ ਤੇ ਅਰਦਾਸਿ ਹੋਵੇ। ਭਾਵ, Absent mindedly ਨਾ ਹੋਵੇ- ਗੈਰ ਹਾਜ਼ਰੀ ਨਾ ਹੋਵੇ। ਕਿਸੇ ਵੀ ਬੋਲੀ ਵਿਚ, ਕਿਸੇ ਵੀ ਭਾਸ਼ਾ ਵਿਚ ਅਰਦਾਸਿ ਤੇ ਸਿਫਤਿ ਸਲਾਹ ਫਲ ਦੇਂਦੀ ਹੈ ਤੇ ਮਾਇਆ ਦਾ ਧੋਖਾ, ਮਨ ਤੋਂ ਲਾਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦਾ ਇਹ ਸਿਧਾਂਤ ਸਰਬ ਮਨੁੱਖ ਜਾਤੀ ਲਈ ਹੈ, ਸਰਬ ਸੰਸਾਰ ਲਈ ਹੈ ਤੇ ਸਰਬ ਦੇ ਉਧਾਰ ਲਈ ਹੈ। ਇਸ ਸਿਧਾਂਤ ਦਾ ਪਰਚਾਰ ਨਹੀ ਹੋ ਰਿਹਾ। ਸਿੱਟਾ ਇਹ ਨਿਕਲ ਰਿਹਾ ਹੈ ਕਿ ਇਸ ਸੰਸਾਰ ਦੇ ਉਧਾਰਮਈ ਸਾਧਨ ਨੂੰ, ਨਾ ਆਪ ਅਪਣਾਉਂਦੇ ਹਾਂ ਤੇ ਨਾ ਹੀ ਪਰਚਾਰਦੇ ਹਾਂ ਤੇ ਦੁਖੀ ਹਾਂ। ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਹੈ। ਇਸ ਸਿਧਾਂਤ ਅਗੇ ਮੱਥਾ ਵੀ ਟੇਕਦੇ ਹਾਂ, ਸਤਿਕਾਰ ਵੀ ਕਰਦੇ ਹਾਂ ਪਰ ਅਮਲ ਵਿਚ ਨਹੀਂ ਲਿਆਉਂਦੇ। ਕੀ ਇੰਜ ਕਰਨ ਨਾਲ ਮਨ ਤੋਂ ਮਾਇਆ ਦਾ ਧੋਖਾ ਦੂਰ ਹੋ ਸਕਦਾ ਹੈ ? ਕਦਾਚਿਤ ਨਹੀਂ, ਕਿਸੇ ਕਾਲ ਨਹੀਂ।

ਇਹ ਭੁਲੇਖੇ ਪੈਣ ਦੀ ਸੰਭਾਵਨਾ ਹੈ ਕਿ ਕਿਸ ਸ਼ੈ ਦੀ ਸਿਫਤਿ ਸਲਾਹ ਤੇ ਕਿਸ ਸ਼ੈ ਅਗੇ ਅਰਦਾਸਿ ਕਰਨੀ ਹੈ ? ਉੱਤਰ ਇਹ ਹੈ ਕਿ ਜੋ ਹੋਂਦ ਹਸਤੀ (Entity) ਇਕ ਹੈ, ਕੇਵਲ ਇਕ ਹੈ, ਸਦਾ ਸਥਿਰ ਹੈ, ਸੰਸਾਰ ਦੀ ਰਚਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਹੈ, ਤੇ ਜੇਹੜੀ ਹੋਂਦ, ਸਰਬ ਸਮਰਥ, ਡਰ ਤੋਂ ਰਹਿਤ, ਵੈਰ ਤੋ ਰਹਿਤ, ਮੌਤ ਤੋਂ ਰਹਿਤ, ਜੂਨ ਤੋਂ ਰਹਿਤ ਤੇ ਸੁਤੇ ਪ੍ਰਕਾਸ਼ ਹੈ, ਉਸਦੀ ਸਿਫਤਿ ਸਲਾਹ ਕਰਨੀ ਹੈ ਤੇ ਉਸ ਅਗੇ ਅਰਦਾਸਿ ਕਰਨੀ ਹੈ। ਉਹ ਹੋਂਦ ਅਕਾਰ ਰਹਿਤ ਹੈ, ਵਿਕਾਰ ਰਹਿਤ ਹੈ, ਅਹਾਰ ਰਹਿਤ ਹੈ। ਓਹ ਹੋਂਦ ਸਰਬ ਪਰਿਪੂਰਨ ਹੈ। ਉਹ ਹੋਂਦ ਧਰਤੀ ਅਕਾਸ਼ ਤੇ ਜਲ ਵਿਚ ਵੀ ਭਰਪੂਰ ਹੈ। ਉਹ ਹੋਂਦ ਹਵਾ ਵਿਚ, ਬੈਸੰਤਰ ਵਿਚ, ਚਾਰ ਕੁੰਟਾਂ ਤੇ ਦਹਦਿਸਾਂ ਵਿਚ ਸਮਾਈ ਹੋਈ ਹੈ। ਉਸ ਹੋਂਦ ਤੋਂ ਕੋਈ ਥਾਂ ਖਾਲੀ ਨਹੀਂ। ਹਾਥੀ ਤੇ ਕੀੜੀ ਵਿਚ, ਰਾਜੇ ਤੇ ਰੰਕ ਵਿਚ ਸਮਾਈ ਹੋਈ ਹੈ। ਉਸ ਹੋਂਦ ਦਾ ਕੋਈ ਰੂਪ, ਕੋਈ ਜਾਤ ਤੇ ਕੋਈ ਪਾਤ ਨਹੀਂ, ਉਹ

ਹੋਂਦ ਰਜੋ, ਤਮੋ, ਸਤੋ ਤੋ ਭਿੰਨ ਹੈ, ਉਹ ਹੋਂਦ ਅੰਗ ਰਹਿਤ ਹੈ, ਸਰੀਰ ਰਹਿਤ ਹੈ, ਮੁਖ ਰਹਿਤ ਹੈ। ਉਹ ਹੋਦ ਹੱਡ ਮਾਸ ਤੇ ਨਾੜੀ ਦੀ ਪਿੰਜਰ ਨਹੀਂ। ਉਸ ਹੋਂਦ ਦਾ ਕੋਈ ਸਰੀਰ ਨਹੀਂ, ਲਾਸ਼ਰੀਕ ਹੈ। ਉਹ ਹੋਂਦ ਚੇਤਨਤਾ ਹੈ- ਜੜ੍ਹ ਨਹੀਂ। ਉਹ ਹੋਂਦ ਸੰਸਾਰ ਰਚਨਾ ਤੋਂ ਪਹਿਲਾਂ ਤੇ ਸੰਸਾਰ ਰਚਨਾ ਦੇ ਆਰੰਭ ਵਿਚ, ਸਦਾ ਇਕ ਰਸ ਰਹਿੰਦੀ ਹੈ। ਵਰਤਮਾਨ ਸਮੇਂ, ਭਵਿਖ ਸਮੇਂ ਇਹ ਹੋਂਦ ਸਦਾ ਇਕ ਰਸ ਰਹੇਗੀ। ਇਹ ਹੋਂਦ ਅਬਦਲ ਹੈ, ਨਿਹਚਲ ਹੈ, ਨਿਆਸਰਾ ਹੈ, ਅਜੈ ਹੈ, ਅਲੈ ਹੈ। ਇਹ ਹੋਦ ਦਯਾ ਦਾ ਘਰ ਹੈ, ਕਿਰਪਾ ਦਾ ਭੰਡਾਰ ਹੈ। ਇਹ ਹੋਂਦ ਸਦਾ ਬਖਸ਼ੰਦ ਹੈ, ਅਨਾਥਾਂ ਦਾ ਸਹਾਰਾ ਹੈ, ਦੁਖਾਂ ਦੀ ਦਰਿਦ੍ਰਾਂ ਦੀ ਨਾਸ਼ਕ ਹੈ। ਇਹ ਹੋਂਦ ਨਿਰਲੇਪ ਹੈ। ਇਸ ਹੋਂਦ ਦਾ ਕੋਈ ਮਾਤਾ ਪਿਤਾ ਤੇ ਬੰਧਪ ਭਰਾਤਾ ਨਹੀਂ। ਇਸ ਹੋਂਦ ਦਾ, ਕਿਸੇ ਅੰਤ ਨਹੀਂ ਪਾਇਆ। ਇਹ ਹੋਂਦ ਬੇਅੰਤ ਹੈ, ਅਪਾਰ ਹੈ। ਲੰਗੜਾ ਮਨ ਤੇ ਲੰਗੜੀ ਬੁਧੀ, ਇਸ ਸੀਮਾ ਰਹਿਤ ਹੋਂਦ ਦਾ, ਪਾਰਾਵਾਰ ਨਹੀਂ ਪਾ ਸਕਦੀ। ਇਹ ਹੋਂਦ ਅੰਤਰਜਾਮੀ ਹੈ। ਇਹ ਹੋਂਦ ਅਨੰਦ ਸਰੂਪ ਹੈ। ਇਸ ਸਰਬ ਵਿਆਪਕ ਹੋਂਦ ਦੀ ਸਿਫਤਿ ਸਲਾਹ ਤੇ ਇਸ ਅਗੇ ਅਰਦਾਸਿ ਕਰਨੀ ਹੈ, ਜੋ ਫਲ ਦੇਂਦੀ ਹੈ। ਹੇਠ ਅੰਕਤ ਸ਼ਬਦਾਂ ਵਿਚ ਗਾਰੰਟੀਆਂ ਹਨ :-

**"ਮਨ ਮੇਰੇ ਕਰਤੇ ਨੋ ਸਾਲਾਹਿ ॥**

**ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥ ੧ ॥ ਰਹਾਉ ॥**

**ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ ॥**

**ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥"** *(ਪੰਨਾ ੪੩)*

*ਭਾਵ ਅਰਥ :-* ਏ ਮੇਰੇ ਮਨ, ਸਿਰਜਨਹਾਰ ਦੀ ਸਲਾਹੁਤਾ ਕਰ। ਸਾਰੀਆਂ ਸਿਆਣਪਾਂ ਛਡ ਦੇ, ਤੇ ਗੁਰੂ ਦੀ ਸ਼ਰਨ ਪੈ ਜਾ। ਜੇ ਤੂੰ ਇੰਜ ਕਰਕੇ, ਸੁਖਾਂ ਦੇ ਦਾਤੇ ਨੂੰ ਮਨ ਵਿਚ ਵਸਾ ਲਏ, ਤਾਂ ਤੈਨੂੰ ਕਦੇ ਵੀ ਕੋਈ ਦੁਖ ਤੇ ਕਿਸੇ ਪਰਕਾਰ ਦੀ ਭੁਖ ਨੰਗ ਨਹੀਂ ਵਿਆਪੇਗੀ ਤੇ ਕਿਸੇ ਕੰਮ ਵਿਚ ਵੀ ਔਕੜ ਨਹੀਂ ਪਏਗੀ।

**"ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥**

**ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ**

**ਤਾ ਸੁਖ ਲਹਹਿ ਮਹਲੁ ॥ ੧ ॥ ਰਹਾਉ ॥"** *(ਪੰਨਾ ੩੭)*

ਏ ਮੇਰੇ ਮਨ ! ਸਤਿਗੁਰੂ ਦੇ ਭਾਣੇ ਅਨੁਸਾਰ ਚਲ, ਇੰਜ ਕਰਨ ਨਾਲ ਤੂੰ ਆਪਣੇ ਨਿਜ ਘਰ ਵਿਚ ਵਸੇਂਗਾ ਤੇ ਅੰਮ੍ਰਿਤ ਪੀਵੇਗਾ ਤੇ ਸੁਖਾਂ ਦੇ ਮਹਲ ਅੰਦਰ ਵਸੇਗਾ।

**"ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥**

**ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥"** *(ਪੰਨਾ ੫੧੧-੧੨)*

*ਭਾਵ ਅਰਥ :-* ਏ ਮਨ ! ਗੁਰੂ ਦੀ ਸਿਖਿਆ ਸੁਣ, ਹਰੀ ਜੋ ਗੁਣਾਂ ਭੰਡਾਰ ਹੈ, ਮਿਲ ਵੈਸੀ।

ਹਰੀ ਜੋ ਸੁਖਾਂ ਦਾ ਦਾਤਾ ਹੈ, ਮਨ ਵਿਚ ਵਸ ਜਾਸੀ ਤੇ ਹਉਮੈ ਦਾ ਗੁਮਾਨ ਵੀ ਚਲਾ ਜਾਸੀ।

**"ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥**
**ਨਾਨਕ ਬਿਘਨੁ ਨ ਲਾਗੈ ਕੋਇ ॥"** *(ਪੰਨਾ ੨੮੧)*

*ਭਾਵ ਅਰਥ :-* ਪ੍ਰਭੂ ਨੂੰ ਪਿਆਰ ਭਰੀ ਯਾਦ ਨਾਲ ਸਿਮਰ। ਇੰਜ ਕਰਨ ਨਾਲ ਕੋਈ ਬਿਘਨ ਨਹੀਂ ਵਿਆਪੂ।

**"ਹਰਿ ਜਨ ਸਿਮਰਹੁ ਹਿਰਦੈ ਰਾਮ ॥**
**ਹਰਿ ਜਨ ਕਉ ਅਪਦਾ ਨਿਕਟਿ ਨ ਆਵੈ**
**ਪੂਰਨ ਦਾਸ ਕੇ ਕਾਮ ॥ ੧ ॥ ਰਹਾਉ ॥"** *(ਪੰਨਾ ੭੦੨)*

*ਭਾਵ ਅਰਥ :-* ਏ ਹਰੀ ਦੇ ਦਾਸੋ ! ਰਾਮ ਦਾ ਸਿਮਰਨ, ਹਿਰਦੇ ਨਾਲ ਕਰੋ। ਇੰਜ ਕਰਨ ਨਾਲ, ਤੁਹਾਡੇ ਨੇੜੇ ਕੋਈ ਕਲੇਸ਼ ਤੇ ਸੰਕਟ ਨਹੀਂ ਢੁਕਣਗੇ, ਤੇ ਤੁਹਾਡੇ ਸਾਰੇ ਕੰਮ ਰਾਸ ਹੋਣਗੇ।

**"ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥**
**ਨਾਨਕ ਪਾਵਹੁ ਸੂਖ ਘਨੇਰੇ ॥"** *(ਪੰਨਾ ੨੬੪)*

*ਭਾਵ ਅਰਥ :-* ਗੁਰਮੁਖ ਬਣ ਕੇ, ਨਾਮ ਜਪ। ਮਨ ਮੇਰੇ, ਇੰਜ ਕਰਨ ਨਾਲ ਬਹੁਤ ਸੁਖ ਮਿਲਣਗੇ।

**"ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥**
**ਦੂਖੁ ਦਰਦੁ ਮਨ ਤੇ ਭਉ ਜਾਇ ॥"** *(ਪੰਨਾ ੨੯੩)*

*ਭਾਵ ਅਰਥ :-* ਜੇ ਨਾਮ ਨੂੰ ਮਨ ਕਰਕੇ ਤੇ ਤਨ ਕਰਕੇ, (ਭਾਵ ਆਚਾਰ, ਰਹਿਣੀ ਬਾਣੀ ਅਨੁਸਾਰ ਕਰਕੇ) ਲਿਵ ਨਾਲ ਜਪੀਏ ਤਾਂ ਹਰ ਪਰਕਾਰ ਦੇ ਦੁਖ ਦਰਦ ਤੇ ਮਨ ਤੋਂ ਡਰ ਚਲੇ ਜਾਂਦੇ ਹਨ।

**"ਰਾਮ ਨਾਮ ਜਪਿ ਹਿਰਦੇ ਮਾਹਿ ॥**
**ਨਾਨਕ ਪਤਿ ਸੇਤੀ ਘਰਿ ਜਾਹਿ ॥"** *(ਪੰਨਾ ੨੮੩)*

*ਭਾਵ ਅਰਥ :-* ਰਾਮ ਦੇ ਨਾਮ ਨੂੰ ਹਿਰਦੇ ਨਾਲ ਜਪਿਆਂ, ਇਜ਼ਤ ਆਬਰੂ ਨਾਲ, ਅਪਨੇ ਘਰ ਜਾਈਦਾ ਹੈ।

**"ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥**
**ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥"** *(ਪੰਨਾ ੨੭੯)*

*ਭਾਵ ਅਰਥ* :- ਹੇ ਨਾਨਕ ! ਮਨ ਦੀ ਪ੍ਰੀਤ ਨਾਲ ਨਾਮ ਜਪਿਆਂ, ਪਵਿਤ੍ਰ ਹੋ ਜਾਈਦਾ ਹੈ।

**"ਸਗਲ ਦੂਖ ਕਾ ਹੋਵਤ ਨਾਸੁ ॥**
**ਨਾਨਕ ਨਾਮੁ ਜਪਹੁ ਗੁਨਤਾਸੁ ॥"** *(ਪੰਨਾ ੨੯੦)*

*ਭਾਵ ਅਰਥ* :- ਹੇ ਨਾਨਕ ! ਨਾਮ, ਜੋ ਗੁਣਾਂ ਦਾ ਸਮੁੰਦਰ ਹੈ, ਉਸ ਨੂੰ ਜਪੋ। ਇੰਜ ਕੀਤਿਆਂ ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ।

**"ਹਰਿ ਕੀ ਭਗਤਿ ਕਰਹੁ ਮਨੁ ਲਾਇ ॥**
**ਮਨਿ ਬੰਛਤ ਨਾਨਕ ਫਲ ਪਾਇ ॥"** *(ਪੰਨਾ ੨੮੮)*

*ਭਾਵ ਅਰਥ* :- ਹਰੀ ਦੀ ਭਗਤੀ ਮਨ ਲਾ ਕੇ ਕਰੋ। ਇੰਜ ਕਰਨ ਨਾਲ, ਹੇ ਨਾਨਕ ! ਮਨ ਦੀਆਂ ਮੁਰਾਦਾਂ ਮਿਲਦੀਆਂ ਹਨ।

**"ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥"** *(ਪੰਨਾ ੨੯੬)*

*ਭਾਵ ਅਰਥ* :- ਹੇ ਨਾਨਕ ! ਹਰੀ ਦੇ ਗੁਣ ਗਾਇਨ ਕਰਨ ਨਾਲ, ਜੋ ਚਾਹੋ, ਸੋਈ ਮਿਲਦਾ ਹੈ।

**"ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥"** *(ਪੰਨਾ ੬੮੧)*

*ਭਾਵ ਅਰਥ* :- ਜੋ ਵੀ ਮੰਗ ਮੰਗੋ, ਉਹੀ ਮਾਲਕ ਪੂਰੀ ਕਰਦਾ ਹੈ। ਹੇ ਨਾਨਕ ! ਜੋ ਉਸ ਦਾ ਦਾਸ, ਮੁਖ ਤੋਂ ਬਚਨ ਕੱਢਦਾ ਹੈ, ਉਹ ਬਚਨ ਇੱਥੇ ਤੇ ਉੱਥੇ ਸਚ ਹੋ ਜਾਂਦਾ ਹੈ।

ਉਤਲੇ ਦਿਤੇ ਪ੍ਰਮਾਣਾਂ ਵਿਚ, ਗੁਰਮਤਿ ਗਾਰੰਟੀਆਂ ਦੇ ਰਹੀ ਹੈ। ਗਾਰੰਟੀਆਂ ਦੀ ਪੰਜਾਬੀ ਭਾਸ਼ਾ, ਸਰਲ ਤੇ ਸਪੱਸ਼ਟ ਹੈ। ਬਹੁਤ ਵਿਆਖਿਆ ਕਰਨ ਦੀ ਲੋੜ ਨਹੀਂ। ਇਹਨਾਂ ਗਾਰੰਟੀਆਂ ਨੂੰ ਕੋਈ ਵੀ ਪਰਖ ਕੇ ਵੇਖ ਸਕਦਾ ਹੈ। ਪੂਰੀਆਂ ਪਾਇਗਾ। ਨਿਰਾਸਤਾ ਨਹੀਂ ਹੋਊ। ਆਓ ! ਪਰਖੋ ਤੇ ਅਜ਼ਮਾਓ ! ਸਿਫਤਿ ਸਲਾਹ ਕਰਨ ਲਈ ਗੁਰਮਤਿ ਨੇ ਪਦ 'ਵਾਹੁ ਵਾਹੁ' ਦਰਸਾਇਆ ਹੈ। ਪ੍ਰਮਾਣ ਇਹ ਹੈ :-

**"ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ॥"** *(ਪੰਨਾ ਪ੧੪)*

*ਭਾਵ ਅਰਥ* :- 'ਵਾਹੁ ਵਾਹੁ' ਪਦ ਸਿਫਤਿ ਸਲਾਹ ਹੈ। ਇਸ ਨੂੰ ਕੋਈ ਵਿਰਲਾ ਗੁਰਮੁਖਿ ਬੁਝਦਾ ਹੈ।

**"ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ**
**ਕਰਮਿ ਪਰਾਪਤਿ ਹੋਇ ॥"** *(ਪੰਨਾ ਪ੧੪)*

*ਭਾਵ ਅਰਥ :-* ਹੇ ਨਾਨਕ ! ਵਾਹੁ ਵਾਹੁ ਕਰਦਿਆਂ ਪ੍ਰਭੂ ਦੀ ਪਰਾਪਤੀ ਹੋਈ ਹੈ ਤੇ ਪ੍ਰਭੂ ਦੀ ਬਖਸ਼ਸ਼ ਹੁੰਦੀ ਹੈ।

**"ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ**
**ਹਉਮੈ ਵਿਚਹੁ ਜਾਇ ॥**
**ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ**
**ਸੋ ਮਨ ਚਿੰਦਿਆ ਫਲੁ ਪਾਇ ॥"** *(ਪੰਨਾ ੫੧੫)*

*ਭਾਵ ਅਰਥ :-* ਵਾਹੁ ਵਾਹੁ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ, ਤੇ ਮਨ ਦੇ ਵਿਚੋਂ ਹਉਮੈ ਦੂਰ ਹੋ ਜਾਂਦੀ ਏ। ਜਿਹੜਾ ਗੁਰਸਿਖ, ਸਦਾ ਵਾਹੁ ਵਾਹੁ ਕਰਦਾ ਹੈ, ਉਸ ਨੂੰ ਮਨ ਦੀਆਂ ਮੁਰਾਦਾਂ ਮਿਲਦੀਆਂ ਹਨ।

**"ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ**
**ਗੁਰ ਪੂਰੇ ਵਾਹੁ ਵਾਹੁ ਭਾਵੈ ॥**
**ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ**
**ਤਿਸੁ ਜਮਕੰਕਰੁ ਨੇੜਿ ਨ ਆਵੈ ॥"** *(ਪੰਨਾ ੫੧੫)*

*ਭਾਵ ਅਰਥ :-* ਹੇ ਗੁਰਸਿਖੋ ! ਵਾਹੁ ਵਾਹੁ ਨਿਤ ਸਾਰੇ ਕਰਿਆ ਕਰੋ। ਗੁਰ ਪੂਰੇ ਨੂੰ ਵਾਹੁ ਵਾਹੁ ਭਾਉਂਦੀ ਏ। ਹੇ ਨਾਨਕ ! ਜੋ ਮਨ ਤੇ ਚਿਤ ਕਰਕੇ ਵਾਹੁ ਵਾਹੁ ਕਰਦਾ ਹੈ, ਉਸ ਦੇ ਨੇੜੇ ਜਮ ਨਹੀਂ ਢੁਕਦਾ।

**"ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥**
**ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ ॥**
**ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥**
**ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ॥"** *(ਪੰਨਾ ੫੧੪-੧੫)*

*ਭਾਵ ਅਰਥ :-* ਵਾਹੁ ਵਾਹੁ ਕਿਸ ਨੂੰ ਆਖਣਾ ਹੈ ? ਵਾਹੁ ਵਾਹੁ ਉਸ ਨੂੰ ਆਖਣਾ ਹੈ, ਜੋ ਸਚਾ ਤੇ ਗਹਿਰ ਗੰਭੀਰ ਹੈ, ਜੋ ਗੁਣਦਾਤਾ ਤੇ ਮਤਿ ਨੂੰ ਧੀਰਜਵਾਨ ਬਣਾਉਣ ਵਾਲਾ ਹੈ, ਜੋ ਸਾਰਿਆਂ ਵਿਚ ਸਮਾਇਆ ਹੋਇਆ ਹੈ, ਜੋ ਸਾਰਿਆਂ ਨੂੰ ਰਿਜ਼ਕ ਦੇਦਾ ਹੈ।

**"ਨਾਨਕ ਵਾਹੁ ਵਾਹੁ ਕਹੁ ਤਾ ਕਉ ਜਾ ਕਾ ਅੰਤੁ ਨ ਪਾਰੁ ॥"** *(ਪੰਨਾ ੧੨੨੧)*

*ਭਾਵ ਅਰਥ :-* ਹੇ ਨਾਨਕ ! ਵਾਹੁ ਵਾਹੁ ਉਸ ਨੂੰ ਕਹੋ, ਜਿਸ ਦਾ ਅੰਤ ਤੇ ਪਾਰਾਵਾਰ ਨਹੀਂ।

"ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ
ਤਿਸੁ ਜੇਵਡੁ ਅਵਰੁ ਨ ਕੋਇ ॥" *(ਪੰਨਾ ੧੨੭੭)*

*ਭਾਵ ਅਰਥ* :- ਵਾਹੁ ਵਾਹੁ ਕਰਕੇ ਪ੍ਰਭੂ ਦੀ ਸਿਫਤਿ ਸਲਾਹ ਕਰੋ। ਉਸ ਪ੍ਰਭੂ ਵਰਗਾ ਹੋਰ ਕੋਈ ਨਹੀਂ।

"ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥" *(ਪੰਨਾ ੨੨੬)*

*ਭਾਵ ਅਰਥ* :- ਉਸ ਨੂੰ ਵਾਹੁ ਵਾਹੁ ਕਹੋ ਜਿਸ ਨੇ ਇਹ ਜੀਉ ਬਣਾਇਆ ਹੈ।

"ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥
ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥
ਵਾਹੁ ਵਾਹੁ ਕਰਤਿਆ ਸੋਭਾ ਪਾਇ ॥
ਨਾਨਕ ਵਾਹੁ ਵਾਹੁ ਸਤਿ ਰਜਾਇ ॥" *(ਪੰਨਾ ੫੧੪)*

*ਭਾਵ ਅਰਥ* :- ਵਾਹੁ ਵਾਹੁ ਕਰਨ ਨਾਲ ਉਮਰ ਰੂਪੀ ਰੈਣ, ਸੁਖ ਵਿਚ ਗੁਜ਼ਰਦੀ ਹੈ, ਵਾਹੁ ਵਾਹੁ ਕਰਨ ਨਾਲ ਸਦਾ ਦਾ ਆਨੰਦ ਤੇ ਖੇੜਾ ਹੁੰਦਾ ਏ, ਵਾਹੁ ਵਾਹੁ ਕਰਨ ਨਾਲ, ਹਰੀ ਨਾਲ ਲਿਵ ਲਗ ਜਾਂਦੀ ਏ। ਕਰਮਾਂ ਵਾਲੇ ਆਪ ਵਾਹੁ ਵਾਹੁ ਕਰਦੇ ਹਨ ਤੇ ਦੂਜਿਆਂ ਨੂੰ ਕਰਨ ਲਈ ਪ੍ਰੇਰਦੇ ਹਨ। ਵਾਹੁ ਵਾਹੁ ਕਰਨ ਵਾਲੇ ਸੋਭਾ ਪਾਉਂਦੇ ਹਨ। ਹੇ ਨਾਨਕ ! ਉਸ ਨੂੰ ਵਾਹੁ ਵਾਹੁ ਹੈ, ਜੋ ਸਦਾ ਸਥਿਰ ਤੇ ਰਜ਼ਾ ਵਾਲਾ ਹੈ।

"ਵਾਹੁ ਵਾਹੁ ਗੁਰਮੁਖ ਸਦਾ ਕਰਹਿ
ਮਨਮੁਖ ਮਰਹਿ ਬਿਖੁ ਖਾਇ ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥" *(ਪੰਨਾ ੫੧੫)*

*ਭਾਵ ਅਰਥ* :- ਜੇਹੜੇ ਗੁਰਮੁਖਿ ਹਨ, ਉਹ ਸਦਾ ਵਾਹੁ ਵਾਹੁ ਕਰਦੇ ਹਨ ਤੇ ਮਨਮੁਖਿ ਬਿਖ ਖਾ ਕੇ, ਮਰ ਰਹੇ ਹਨ। ਮਨਮੁਖਾਂ ਨੂੰ ਵਾਹੁ ਵਾਹੁ ਕਰਨੀ ਨਹੀਂ ਭਾਉਂਦੀ, ਉਨ੍ਹਾਂ ਦੀ ਉਮਰ ਦੁਖਾਂ ਤੇ ਕਲੇਸ਼ਾਂ ਨਾਲ ਬੀਤਦੀ ਹੈ।

"ਨਾਨਕ ਵਾਹੁ ਵਾਹੁ ਜੋ ਕਰਹਿ
ਹਉ ਤਨੁ ਮਨੁ ਤਿਨ੍ ਕਉ ਦੇਉ ॥" *(ਪੰਨਾ ੫੧੫)*

*ਭਾਵ ਅਰਥ* :- ਹੇ ਨਾਨਕ ! ਜੋ ਵਾਹੁ ਵਾਹੁ ਕਰਦੇ ਹਨ, ਉਨ੍ਹਾਂ ਨੂੰ ਮੈ ਤਨ ਤੇ ਮਨ, ਅਰਪਨ ਕਰਦਾ ਹਾਂ। ਵਾਹੁ ਵਾਹੁ ਕਰਣਾ, ਅਸਲੇ ਨਾਲ, ਮਿਲਾਪ ਦਾ ਸਾਧਨ ਹੈ। ਸਿਫਤਿ

ਸਲਾਹ ਤੇ ਅਰਦਾਸਿ ਕਰਨੀ ਹੈ। ਗੁਰਮਤਿ ਹੋਰ ਕੋਈ ਸਾਧਨ ਨਹੀਂ ਦਰਸਾਂਦੀ ਤੇ ਨਾ ਹੀ ਹੋਰ ਕੋਈ ਸਾਧਨ ਹੈ।

ਹੁਣ ਅੱਗੇ ਸਿਫਤਿ ਸਲਾਹ ਤੇ ਅਰਦਾਸਿ ਦੇ ਸ਼ਬਦ ਦਿੱਤੇ ਜਾਂਦੇ ਹਨ, ਜਿਨ੍ਹਾਂ ਦੁਆਰਾ ਜਗਿਆਸੂ ਅਭਿਆਸ ਕਰ ਸਕਦੇ ਹਨ। ਇਹ ਧਿਆਨ ਸਦਾ ਰਖਣਾ ਹੈ ਕਿ ਅਭਿਆਸ ਸਮੇਂ ਸੁਰਤਿ ਨੂੰ ਸ਼ਬਦ ਦੇ ਅਰਥ ਵਿਚ ਜੋੜਨਾ ਹੈ ਤੇ ਮਨ ਵਿਚ ਪ੍ਰਭੂ ਪ੍ਰਥਾਇ ਪ੍ਰੇਮ ਦੀ ਭਾਵਨਾ ਰਖਣੀ ਹੈ।

**੧. ਅਚੁਤ [੧] ਪਾਰਬ੍ਰਹਮ ਪਰਮੇਸਰੁ [੨] ਅੰਤਰਜਾਮੀ [੩] ॥**
**ਮਧੁਸੂਦਨ [੪] ਦਾਮੋਦਰ [੫] ਸੁਆਮੀ ॥**
**ਰਿਖੀਕੇਸ [੬] ਗੋਵਰਧਨ ਧਾਰੀ [੭] ਮੁਰਲੀ ਮਨੋਹਰ [੮] ਹਰਿ ਰੰਗਾ [੯] ॥ ੧ ॥**
**ਮੋਹਨ [੧੦] ਮਾਧਵ [੧੧] ਕ੍ਰਿਸ੍ਨ ਮੁਰਾਰੇ [੧੨] ॥**
**ਜਗਦੀਸਰੁ [੧੩] ਹਰਿ ਜੀਉ ਅਸੁਰ ਸੰਘਾਰੇ [੧੪] ॥**
**ਜਗਜੀਵਨ [੧੫] ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ [੧੬] ॥ ੨ ॥**
**ਧਰਣੀਧਰ [੧੭] ਈਸ [੧੮] ਨਰਸਿੰਘ [੧੯] ਨਾਰਾਇਣ [੨੦] ॥**

---

*ਨੋਟ : ਸਾਰੇ ਹੀ ਪ੍ਰਚੱਲਤ ਨਾਂਵ ਜੋ ਲੋਕ ਆਪਣੇ ਇਸ਼ਟ ਲਈ ਵਰਤਦੇ ਸਨ, ਏਥੇ ਗੁਰੂ ਜੀ ਨੇ ਵਾਹਿਗੁਰੂ ਲਈਵਰਤੇ ਹਨ। ਸਭ ਅਵਤਾਰਾਂ ਆਦਿ ਵਿਚ ਵਾਹਿਗੁਰੂ ਦੀ ਵਡਿਆਈ ਹੀ ਕੰਮ ਕਰਦੀ ਦਿਸ ਆਈ ਹੈ। ਇਸ ਲਈ ਉਨ੍ਹਾਂ ਨਾਵਾਂ ਨਾਲ ਵਾਹਿਗੁਰੂ ਨੂੰ ਯਾਦ ਕੀਤਾ ਹੈ।*

1.ਨਾ ਹਿਲਣ ਵਾਲਾ, ਅਬਿਨਾਸੀ ਹਰੀ। 2. ਸਭ ਤੋਂ ਵਡਾ ਮਾਲਕ। 3. ਸਭ ਦੇ ਦਿਲਾਂ ਵਿਚ ਅਪੱੜਨ ਵਾਲਾ। 4. ਮਧੂ ਰਾਖਸ਼ ਨੂੰ ਮਾਰਨ ਵਾਲਾ, ਭਾਵ ਵਾਹਿਗੁਰੂ। 5. ਜਿਸ ਦੇ ਉਦਰ (ਪੇਟ) ਵਿਚ ਸਾਰਾ ਸੰਸਾਰ ਹੈ, ਰੱਬ ਜੀ। 6. ਜਗਤ ਦੇ ਗਿਆਨ-ਇੰਦ੍ਰਿਆਂ ਦਾ ਮਾਲਕ, ਵਾਹਿਗੁਰੂ। 7. ਗਵਰਧਨ ਪਹਾੜ ਨੂੰ ਚੁਕਣ ਵਾਲਾ, ਹਰੀ। 8. ਮਨੋਹਰ ਬੰਸਰੀ ਵਾਲਾ, ਕ੍ਰਿਸ਼ਨ ਭਾਵ ਵਾਹਿਗੁਰੂ। 9. ਅਨੇਕਾਂ ਕੌਤਕ-ਤਮਾਸ਼ੇ। 10. ਮਨ ਨੂੰ ਮੋਹ ਲੈਣ ਵਾਲਾ। 11. ਮਾਇਆ ਦਾ ਪਤੀ, ਰੱਬ ਜੀ। 12. ਹੰਕਾਰ ਹਉਮੈ ਦਾ ਵੈਰੀ, ਵਾਹਿਗੁਰੂ। 13. ਜਗਤ ਦਾ ਮਾਲਕ। 14. ਦੈਤਾਂ ਨੂੰ ਮਾਰਨ ਵਾਲਾ, ਹਰੀ। 15. ਜਗਤ ਦਾ ਜੀਵਨ-ਆਸਰਾ। 16. ਸਭਨਾਂ ਸਰੀਰਾਂ ਵਿਚ ਅਤੇ ਨਾਲ ਵੱਸਣ ਵਾਲਾ। 17. ਧਰਤੀ ਦਾ ਸਹਾਰਾ। 18. ਮਾਲਕ, ਸਾਂਈ। 19. ਨਰਸਿੰਘ ਰੂਪ ਧਾਰਨ ਵਾਲਾ, ਹਰੀ। 20. ਨਰਾਂ ਭਾਵ ਮਨੁੱਖਾਂ ਨੂੰ ਧਾਰਨ ਵਾਲਾ, ਰੱਬ ਜੀ।

ਦਾੜਾ [੨੧] ਅਗ੍ਰੇ [੨੨] ਪ੍ਰਿਥਮਿ [੨੩] ਧਰਾਇਣ [੨੪] ॥

ਬਾਵਨ [੨੫] ਰੂਪੁ ਕੀਆ ਤੁਧੁ ਕਰਤੇ [੨੬] ਸਭ ਹੀ ਸੇਤੀ [੨੭] ਹੈ ਚੰਗਾ ॥ ੩ ॥

ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥

ਬਨਵਾਲੀ [੨੮] ਚਕ੍ਰਪਾਣਿ [੨੯] ਦਰਸਿ ਅਨੂਪਿਆ [੩੦] ॥

ਸਹਸ ਨੇਤ੍ਰ [੩੧] ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ [੩੨] ॥ ੪ ॥

ਭਗਤਿ ਵਛਲੁ [੩੩] ਅਨਾਥਹ ਨਾਥੇ [੩੪] ॥

ਗੋਪੀ ਨਾਥੁ [੩੫] ਸਗਲ ਹੈ ਸਾਥੇ ॥

ਬਾਸੁਦੇਵ [੩੬] ਨਿਰੰਜਨ [੩੭] ਦਾਤੇ ਬਰਨਿ [੩੮] ਨ ਸਾਕਉ ਗੁਣ ਅੰਗਾ ॥ ੫ ॥

ਮੁਕੰਦ [੩੯] ਮਨੋਹਰ ਲਖਮੀ ਨਾਰਾਇਣ [੪੦] ॥

ਦ੍ਰੋਪਤੀ ਲਜਾ ਨਿਵਾਰਿ ਉਧਾਰਣ [੪੧] ॥

ਕਮਲਾਕੰਤ [੪੨] ਕਰਹਿ ਕੰਤੂਹਲ [੪੩] ਅਨਦ ਬਿਨੋਦੀ [੪੪] ਨਿਹਸੰਗਾ [੪੫] ॥੬॥

ਅਮੋਘ [੪੬] ਦਰਸਨ ਆਜੂਨੀ ਸੰਭਉ [੪੭] ॥

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ [੪੮] ॥

ਅਬਿਨਾਸੀ ਅਬਿਗਤ [੪੯] ਅਗੋਚਰ [੫੦] ਸਭੁ ਕਿਛੁ ਤੁਝ ਹੀ ਹੈ ਲਗਾ [੫੧] ॥੭॥

ਸ੍ਰੀਰੰਗ [੫੨] ਬੈਕੁੰਠ ਕੇ ਵਾਸੀ ॥

---

21. ਦੰਦਾਂ। 22. ਅੱਗੇ। ਦੈਤਾਂ ਪਾਸੋਂ ਜ਼ਮੀਨ ਨੂੰ ਬਚਾਣ ਲਈ ਸੂਰ ਦਾ ਰੂਪ ਧਾਰ ਕੇ ਦਾੜ੍ਹਾ ਅੱਗੇ ਲਾਵਨ ਵਾਲਾ, ਹਰੀ। 23. ਧਰਤੀ। 24. ਚੁੱਕਣ ਵਾਲਾ। 25. ਰਾਜਾ ਬਲ ਪਾਸ ਬਉਣਾ ਰੂਪ ਧਾਰ ਕੇ ਢਾਈ ਕਦਮ ਧਰਤੀ ਮੰਗ ਕੇ ਠਗਣ ਵਾਲਾ, ਵਾਮਨ ਅਵਤਾਰ ਹਰੀ। 26. ਹੇ ਕਰਤਾਰ। 27. ਨਾਲ। 28. ਬਨਸਪਤੀ ਹੈ ਮਾਲਾ ਜਿਸ ਦੀ, ਵਾਹਿਗੁਰੂ। 29. ਜਿਸ ਦੇ ਹੱਥ ਵਿਚ ਮੌਤ ਰੂਪੀ ਚ੍ਰਕ ਹੈ, ਵਾਹਿਗੁਰੂ। 30. ਉਪਮਾ-ਰਹਿਤ ਦਰਸ਼ਨ ਵਾਲਾ। 31. ਹਜ਼ਾਰ ਅੱਖਾਂ ਵਾਲਾ, ਹਰੀ। 32. ਮੰਗਣ ਵਾਲੇ। 33. ਭਗਤੀ ਨੂੰ ਪਿਆਰ ਕਰਨ ਵਾਲਾ। 34. ਗਰੀਬਾਂ ਦਾ ਮਾਲਕ। 35. ਗੋਪੀਆਂ ਦਾ ਨਾਥ ਕ੍ਰਿਸ਼ਨ-ਹਰੀ। 36. ਜੋ ਸਭ ਵਿਚ ਨਿਵਾਸ ਕਰ ਕੇ ਪ੍ਰਕਾਸ਼ ਕਰ ਰਹਿਆ ਹੈ, ਵਾਹਿਗੁਰੂ। 37. ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ। 38. ਵਰਣਨ। 39. ਮੁਕਤੀ ਦਾਤਾ। 40. ਲੱਛਮੀ ਦਾ ਪਤੀ, ਰੱਬ ਜੀ। 41. ਦ੍ਰੋਪਤੀ ਦੀ ਬੇਪਤੀ ਹੋਣ ਤੋ ਬਚਾਣ ਵਾਲਾ, ਹਰੀ। 42. ਹੇ ਮਾਇਆ ਦੇ ਪਤੀ। 43. ਕੌਤਕ, ਤਮਾਸ਼ਾ। 44. ਆਨੰਦ ਮਾਣਨ ਵਾਲਾ। 45. ਨਿਰਲੇਪ ਹਰੀ। 46. ਜਿਸ ਦਾ ਦਰਸ਼ਨ ਸਫਲ ਹੈ, ਫਲ ਦੇਣ ਵਾਲਾ ਹੈ। 47. ਆਪਣੇ ਆਪ ਤੋਂ ਪਰਗਟ ਹੋਣ ਵਾਲਾ। 48. ਨਾਸ਼। 49. ਅਦ੍ਰਿਸ਼ਟ। 50. ਹੇ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲੇ। 51. ਸਭ ਰਚਨਾ ਤੈਨੂੰ ਹੀ ਲਗੀ ਹੈ ਭਾਵ ਤੇਰੇ ਤੋਂ ਉਪਜੀ ਹੈ। 52. ਮਾਇਆ ਨਾਲ ਅਨੰਦ ਕਰਨ ਵਾਲਾ, ਵਾਹਿਗੁਰੂ।

ਮਛੁ ਕਛੁ ਕੂਰਮੁ ਆਗਿਆ ਅਉਤਰਾਸੀ [੫੩] ॥
ਕੇਸਵ [੫੪] ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥ ੮ ॥
ਨਿਰਾਹਾਰੀ [੫੫] ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰਭੁਜ [੫੬] ਕਹਾਇਆ ॥
ਸਾਵਲ ਸੁੰਦਰ ਰੂਪ ਬਣਾਵਹਿ ਬੇਣੁ [੫੭] ਸੁਨਤ ਸਭ ਮੋਹੈਗਾ ॥ ੯ ॥
ਬਨਮਾਲਾ [੫੮] ਬਿਭੂਖਨ [੫੯] ਕਮਲ ਨੈਨ ॥
ਸੁੰਦਰ ਕੁੰਡਲ ਮੁਕਟ ਬੈਨ [੬੦] ॥
ਸੰਖ ਚਕ੍ਰ ਗਦਾ [੬੧] ਹੈ ਧਾਰੀ ਮਹਾ ਸਾਰਥੀ [੬੨] ਸਤਸੰਗਾ ॥ ੧੦ ॥
ਪੀਤ ਪੀਤੰਬਰ [੬੩] ਤ੍ਰਿਭਵਣ ਧਣੀ [੬੪] ॥ ਜਗੰਨਾਥੁ ਗੋਪਾਲੁ ਮੁਖਿ ਭਣੀ [੬੫] ॥
ਸਾਰਿੰਗਧਰ [੬੬] ਭਗਵਾਨ ਬੀਠੁਲਾ [੬੭] ਮੈ ਗਣਤ ਨ ਆਵੈ ਸਰਬੰਗਾ [੬੮] ॥੧੧॥
ਨਿਹਕੰਟਕੁ [੬੯] ਨਿਹਕੇਵਲੁ [੭੦] ਕਹੀਐ ॥
ਧਨੰਜੈ [੭੧] ਜਲਿ ਥਲਿ ਹੈ ਮਹੀਐ [੭੨] ॥
ਮਿਰਤ ਲੋਕ [੭੩] ਪਇਆਲ [੭੪] ਸਮੀਪਤ [੭੫]
ਅਸਥਿਰ [੭੬] ਥਾਨੁ ਜਿਸੁ ਹੈ ਅਭਗਾ [੭੭] ॥ ੧੨ ॥
ਪਤਿਤ ਪਾਵਨ [੭੮] ਦੁਖ ਭੈ ਭੰਜਨੁ [੭੯] ॥
ਅਹੰਕਾਰ ਨਿਵਾਰਣੁ [੮੦] ਹੈ ਭਵ ਖੰਡਨੁ [੮੧] ॥
ਭਗਤੀ ਤੋਖਿਤ [੮੨] ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ [੮੩] ॥੧੩॥
ਨਿਰੰਕਾਰੁ ਅਛਲ ਅਡੋਲੋ ॥

---

53. ਕਛੂ ਕਮਾ ਆਦਿਕ ਦਾ ਤੇਰੀ ਹੀ ਆਗਿਆ ਵਿਚ ਅਵਤਾਰ ਹੋਇਆ। 54. ਕੇਸਾਂ ਵਾਲਾ। 55. ਆਹਾਰ ਤੋਂ ਰਹਿਤ। 56. ਚਾਰ ਬਾਹਾਂ ਵਾਲਾ, ਵਾਹਿਗੁਰੂ। 57. ਬੰਸਰੀ, ਜਿਸ ਦੇ ਸੁਣਦਿਆਂ ਸਾਰੀ ਸ੍ਰਿਸ਼ਟੀ ਮੋਹੀ ਜਾਂਦੀ ਹੈ। 58. ਬਨਸਪਤੀ ਦੀ ਮਾਲਾ। 59. ਗਹਿਣੇ। 60. ਬੀਨ, ਬੰਸਰੀ। 61. ਗੁਰੰਜ। 62. ਵੱਡਾ ਰੱਥ ਚਲਾਉਣ ਵਾਲਾ (ਕ੍ਰਿਸ਼ਨ ਅਰਜੁਨ ਦਾ ਰਥਵਾਹੀ ਸੀ), ਵਾਹਿਗੁਰੂ। 63. ਪੀਲਾ ਅਤੇ ਪੀਲੇ ਕੱਪੜਿਆਂ ਵਾਲਾ, ਕ੍ਰਿਸ਼ਨ, ਵਾਹਿਗੁਰੂ। 64. ਤਿੰਨ ਲੋਕਾਂ ਦਾ ਮਾਲਕ। 65. ਮੂੰਹ ਨਾਲ ਉਚਾਰਦਾ ਹਾਂ। 66. ਧਨੁਸ਼-ਧਾਰੀ, ਵਿਸ਼ਨੂੰ-ਹਰੀ। 67. ਵਿਸ਼ਨੂੰ ਜੀ ਨੂੰ ਬੀਠਲ ਇਸ ਲਈ ਕਹਿੰਦੇ ਹਨ ਕਿ ਉਹ ਆਪਣੇ ਇਕ ਸੇਵਕ ਪਾਸ ਗਏ ਤਾਂ ਉਸ ਨੇ ਆਦਰ ਲਈ ਇਕ ਬਿਠ (ਇਟ) ਜੋ ਉਸ ਪਾਸ ਸੀ ਅੱਗੇ ਰੱਖੀ। ਵਿਸ਼ਨੂੰ ਜੀ ਨੇ ਉਸ ਨੂੰ ਬੜੇ ਸ਼ੌਕ ਨਾਲ ਕਬੂਲਿਆ ਤੇ ਪਿਆਰ ਨਾਲ ਉੱਤੇ ਬੈਠੇ। ਵਾਹਿਗੁਰੂ। 68. ਸਰਬ ਅੰਗਾਂ, ਸਾਰੇ ਗੁਣ। 69. ਦੁੱਖਾਂ ਤੋਂ ਰਹਿਤ, ਵਾਹਿਗੁਰੂ। 70. ਸ਼ੁੱਧ। 71. ਧੰਨ ਹੈ ਜੋ। 72. ਜਲ ਵਿਚ, ਸੁੱਕੀ ਧਰਤੀ ਵਿਚ ਅਤੇ ਦੋਹਾਂ ਦੇ ਵਿਚਕਾਰ। 73. ਮਾਤ ਲੋਕ। 74. ਪਤਾਲੇ। 75. ਨੇੜੇ। 76. ਸਦਾ ਕਾਇਮ ਰਹਿਣ ਵਾਲਾ। 77. ਅਟੁੱਟ, ਅਟੱਲ। 78. ਵਿਕਾਰਾਂ ਵਿਚ ਡਿੱਗੇ ਹੋਇਆ ਨੂੰ ਪਵਿੱਤਰ ਕਰਨ ਵਾਲ। 79. ਦੁੱਖ ਤੇ ਡਰ ਦੂਰ ਕਰਨ ਵਾਲਾ। 80. ਦੂਰ ਕਰਨ ਵਾਲਾ। 81. ਜਨਮ ਮਰਨ ਦੇ ਗੇੜ ਤੋੜਨ ਵਾਲਾ। 82. ਭਗਤੀ ਦੁਆਰਾ ਤੂੰ ਪ੍ਰਸੰਨ ਹੁੰਦਾ ਏ। 83. ਕਿਸੇ ਹੋਰ ਗੁਣ ਕਰ ਕੇ ਤੂੰ ਰੀਝਦਾ ਨਹੀਂ ਹੈ।

ਜੋਤਿ ਸਰੂਪੀ ਸਭੁ ਜਗੁ ਮਉਲੋ [੮੪] ॥
ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ [੮੫] ਕੋਇ ਨ ਪਾਵੈਗਾ ॥ ੧੪ ॥
ਆਪੇ ਗੋਪੀ ਆਪੇ ਕਾਨਾ [੮੬] ॥ ਆਪੇ ਗਊ ਚਰਾਵੈ ਬਾਨਾ [੮੭] ॥
ਆਪਿ ਉਪਾਵਹਿ ਆਪਿ ਖਪਾਵਹਿ [੮੮]
ਤੁਧੁ ਲੇਪੁ [੯੦] ਨਹੀ ਇਕੁ ਤਿਲੁ ਰੰਗਾ [੯੧] ॥ ੧੫ ॥
ਏਕ ਜੀਹ ਗੁਣ ਕਵਨ ਬਖਾਨੈ [੯੨] ॥
ਸਹਸ ਫਨੀ ਸੇਖ ਅੰਤੁ ਨ ਜਾਨੈ [੯੩] ॥
ਨਵਤਨ [੯੪] ਨਾਮ ਜਪੈ ਦਿਨੁ ਰਾਤੀ
ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ [੯੫] ॥ ੧੬ ॥
ਓਟ ਗਹੀ ਜਗਤ ਪਿਤ ਸਰਣਾਇਆ [੯੬] ॥
ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥
ਹੋਹੁ ਕ੍ਰਿਪਾਲ ਇਛਾ [੯੭] ਕਰਿ ਰਾਖਹੁ ਸਾਧ ਸੰਤਨ ਕੈ ਸੰਗਿ [੯੮] ਸੰਗਾ [੯੯] ॥੧੭॥
ਦ੍ਰਿਸਟਿਮਾਨ [੧੦੦] ਹੈ ਸਗਲ ਮਿਥੇਨਾ [੧] ॥
ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥
ਮਸਤਕਿ ਲਾਇ ਪਰਮ ਪਦੁ ਪਾਵਉ [੨] ਜਿਸੁ ਪ੍ਰਾਪਤਿ ਸੋ ਪਾਵੈਗਾ ॥ ੧੮ ॥
ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥
ਤਿਨ ਸਾਧੂ ਚਰਣ ਲੈ ਰਿਦੈ ਪਰਾਤੇ [੩] ॥
ਸਗਲ ਨਾਮ ਨਿਧਾਨੁ ਤਿਨ ਪਾਇਆ
ਅਨਹਦ ਸਬਦ ਮਨਿ ਵਾਜੰਗਾ [੪] ॥ ੧੯ ॥
ਕਿਰਤਮ ਨਾਮ ਕਥੇ ਤੇਰੇ ਜਿਹਬਾ [੫] ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥

---

84. ਖਿੜਿਆ ਹੋਇਆ ਹੈ। 85. ਆਪਣੇ ਯਤਨ ਨਾਲ। 86. ਆਪ ਹੀ ਗੋਪੀਆ ਹੈ, ਆਪ ਹੀ ਕ੍ਰਿਸ਼ਨ ਹੈ। 87. ਬਨ ਵਿਚ, 88. ਤੂੰ ਪੈਦਾ ਕਰਦਾ ਹੈ। 89. ਤੂੰ ਨਾਸ ਕਰਦਾ ਹੈ। 90. ਪ੍ਰਭਾਵ, ਅਸਰ, ਦਬਾਉ। 91. ਦੁਨੀਆਂ ਦੇ ਰੰਗ-ਤਮਾਸ਼ਿਆਂ ਦਾ। 92. ਇਕ ਜੀਭ ਗੁਣ ਕਿਹੜੇ-ਕਿਹੜੇ ਬਿਆਨ ਕਰੇ ? 93. ਹਜ਼ਾਰ ਫੰਨਾਂ ਵਾਲਾ ਸ਼ੇਸ਼ਨਾਗ ਭੀ ਤੇਰੇ ਗੁਣਾਂ ਦਾ ਅੰਤ ਨਹੀਂ ਜਾਣਦਾ। 94. ਸਦਾ ਸਜਰਾ, ਜੋ ਪੁਰਾਣਾ ਨਹੀਂ ਹੁੰਦਾ। 95. ਕਹਿ ਸਕਦਾ। 96. ਹੇ ਸੰਸਾਰ ਦੇ ਪਿਤਾ (ਹਰੀ) ! ਆਪ ਦਾ ਆਸਰਾ ਲਿਆ ਹੈ ਤੇ ਸ਼ਰਨ ਆਇਆ ਹਾਂ, ਕਿਉਂਕਿ ਜਮਦੂਤ ਬਹੁਤ ਡਰਾਉਣਾ, ਡਰ ਦੇਣ ਵਾਲਾ ਹੈ ਅਤੇ ਮਾਇਆ ਤਰਨੀ ਔਖੀ ਹੈ। 97. ਚੰਗੀ ਭਾਵਨਾ, ਮਿਹਰ ਦੀ ਨਿਗਾਹ। 98. ਸੰਗਤਿ। 99. ਨਾਲ, ਵਿਚ। 100. ਜੋ ਕੁਝ ਦਿਸ ਰਿਹਾ ਹੈ। 1. ਨਾਸ਼ਵੰਤ। 2. ਜਿਸ ਨੂੰ ਪ੍ਰਾਪਤ ਹੋਵੇਗੀ (ਸੰਤ ਰੇਨ) ਉਹ ਪਰਮ ਪਦ ਪਾਵੇਗਾ। 3. ਪਰੋਏ। 4. ਮਨ ਵਿਚ ਅਰੰਭ ਤੇ ਅੰਤ ਤੋਂ ਰਹਿਤ ਸ਼ਬਦ (ਗੁਰਬਾਣੀ, ਗਿਆਨ, ਪ੍ਰਕਾਸ਼, ਨੂਰ, ਨਾਮ) ਪ੍ਰਗਟ ਹੋਏਗਾ। 5. ਮੇਰੀ ਜ਼ਬਾਨ

ਨੇ ਤੇਰੇ ਉਹ ਨਾਮ ਜਪੇ ਹਨ ਜੋ ਤੇਰੇ ਕੰਮਾਂ ਦੇ ਕਾਰਣ ਪਏ ਹਨ। ਭਰ ਤੇਰਾ ਨਾਮ ਸਤਿ (ਸਦਾ ਸਦਾ ਹੋਂਦ ਵਾਲਾ) ਮੁੱਢ ਤੋਂ, ਭਾਵ ਰਚਨਾ ਤੋ ਵੀ ਪਹਿਲਾਂ ਦਾ ਹੈ।

**ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ[੬] ਲਗਾ ॥੨੦॥**

**ਤੇਰੀ ਗਤਿ ਮਿਤਿ [੭] ਤੂਹੈ ਜਾਣਹਿ ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ [੮] ॥**

**ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ [੯] ॥੨੧॥**

*(ਪੰਨਾ ੧੦੮੨-੧੦੮੩)*

***ਨੋਟ :*** ਉਪਰੋਕਤ ਸ਼ਬਦ ਵਿਚ ਸਰਬ ਵਿਆਪਕ ਹੋਂਦ ਨਿਰਗੁਣ ਤੇ ਸਰਗੁਣ ਰੂਪ ਦੀ ਸਿਫਤਿ ਸਲਾਹ ਦੇ ਸੋਹਿਲੇ ਗਾਇਨ ਕੀਤੇ ਹਨ।

**੨. ਆਦਿ [੧੦] ਪੁਰਖ ਕਰਤਾਰ ਕਰਣ ਕਾਰਣ [੧੧] ਸਭ ਆਪੇ ॥**
**ਸਰਬ ਰਹਿਓ ਭਰਪੂਰਿ [੧੨] ਸਗਲ ਘਟ ਰਹਿਓ ਬਿਆਪੇ [੧੩] ॥**
**ਬ੍ਯਾਪਤੁ ਦੇਖੀਐ ਜਗਤਿ [੧੪] ਜਾਨੈ ਕਉਨੁ ਤੇਰੀ ਗਤਿ**
**ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ [੧੫] ॥**
**ਅਬਿਨਾਸੀ ਅਬਿਗਤ [੧੬] ਆਪੇ ਆਪਿ ਉਤਪਤਿ [੧੭] ॥**
**ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ [੧੮] ॥**
**ਹਰਿ ਅੰਤੁ ਨਾਹੀ ਪਾਰਾਵਾਰੁ [੧੯] ਕਉਨੁ ਹੈ ਕਰੈ ਬੀਚਾਰ**
**ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ [੨੦] ॥**
**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ [੨੧] ॥**

---

6. ਪਿਆਰ। 7. ਅਵਸਥਾ ਤੇ ਅੰਦਾਜ਼ਾ। 8. ਤੂੰ ਆਪ ਹੀ ਕਹਿੰਦਾ ਹੈ ਤੇ ਆਪ ਹੀ ਬਿਆਨ ਕਰਦਾ ਹੈ। 9. ਦਾਸਾਂ ਦੀ ਸੰਗਤਿ ਵਿਚ ਰੱਖ।

*ਨੋਟ : ਇਨ੍ਹਾਂ 9 ਸਵੱਯਾਂ ਵਿਚ ਪੰਚਮ ਪਾਤਸ਼ਾਹ ਨਿਰੰਕਾਰ ਦੀ ਉਸਤਤਿ ਕਰਦੇ ਹਨ। ਫਿਰ ਉਸ ਦੇ ਭਗਤ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸ਼ਰਧਾ ਪਰਗਟ ਕਰਦੇ ਹਨ।*

10. ਸਭ ਤੋਂ ਪਹਿਲੇ ਦੀ ਸ਼ਖਤੀਅਤ। 11. ਕਰਣ ਦਾ ਕਾਰਣ, ਸ੍ਰਿਸ਼ਟੀ ਦਾ ਮੁੱਢ। 12. ਵਿਆਪਕ। 13. ਜੋ ਸਾਰਿਆਂ ਹਿਰਦਿਆਂ ਵਿਚ ਮੌਜੂਦ ਹੈ। 14. ਤੈਨੂੰ ਸੰਸਾਰ ਵਿਚ ਵਿਆਪਕ ਦੇਖੀਦਾ ਹੈ। 15. ਮਾਲਕ। 16. ਜਿਸ ਦਾ ਸਰੀਰ ਨ ਹੋਵੇ, ਅਦ੍ਰਿਸ਼ਟ, ਨਿਰੰਕਾਰ। 17. ਜੋ ਆਪਣੇ ਆਪ ਤੋ ਪੈਦਾ ਹੋਇਆ ਹੋਵੇ, ਸੈਭੰ। 18. ਹੋਰ ਕੋਈ ਨਹੀਂ ਤੇਰੀ ਭਾਂਤ ਦਾ, ਤੇਰੇ ਵਰਗਾ। 19. ਉਰਲਾ ਪਰਲਾ ਪਾਸਾ, ਹੱਦ-ਬੰਨਾ। 20. ਸਾਰੇ ਪ੍ਰਾਣਾਂ

ਦਾ ਆਸਰਾ। 21. ਦਾਸ ਨਾਨਕ ਭਗਤ ਤੇਰੇ ਦਰਵਾਜੇ ਤੇ ਪਰਵਾਨ ਹੋਏ ਤੇ ਇਕ ਮਿਕ ਹੋਏ। ਇਕ ਜੀਭ ਕਿਵੇ ਉਨ੍ਹਾਂ ਨੂੰ ਬਿਆਨ ਕਰ ਸਕਦੀ ਹੈ ?

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ [੨੨] ॥ ੧ ॥**
**ਅੰਮ੍ਰਿਤ ਪ੍ਰਵਾਹ [੨੩] ਸਰਿ [੨੪] ਅਤੁਲ ਭੰਡਾਰ ਭਰਿ**
**ਪਰੈ ਹੀ ਤੇ ਪਰੈ ਅਪਰ ਅਪਾਰ ਪਰਿ ॥**
**ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੋ ਏਕੈ ਨਿਮਖ ਤੁ ਘਰਿ [੨੫]॥**
**ਆਨ ਨਾਹੀ ਸਮਸਰਿ [੨੬] ਉਜੀਆਰੋ [੨੭] ਨਿਰਮਰਿ [੨੮]**
**ਕੋਟਿ [੨੯] ਪਰਾਛਤ ਜਾਹਿ ਨਾਮ ਲੀਏ ਹਰਿ ਹਰਿ ॥**
**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ [੨੧] ॥**
**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ [੨੨] ॥ ੨ ॥**
**ਸਗਲ ਭਵਨ ਧਾਰੇ [੩੦] ਏਕ ਥੇਂ ਕੀਏ ਬਿਸਥਾਰੇ**
**ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥**
**ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ [੩੧]**
**ਸਗਲ ਕੋ ਦਾਤਾ ਏਕੈ ਅਲਖ [੩੨] ਮੁਰਾਰੇ [੩੩] ॥**
**ਆਪ ਹੀ ਧਾਰਨ [੩੪] ਧਾਰੇ [੩੫] ਕੁਦਰਤਿ ਹੈ ਦੇਖਾਰੇ [੩੬]**
**ਬਰਨੁ ਚਿਹਨੁ [੩੭] ਨਾਹੀ ਮੁਖ ਨ ਮਸਾਰੇ [੩੮] ॥**
**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ [੨੧] ॥**
**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ [੨੨] ॥ ੩ ॥**
**ਸਰਬ ਗੁਣ ਨਿਧਾਨੰ [੩੯] ਕੀਮਤਿ ਨ ਗ੍ਯਾਨੰ ਧ੍ਯਾਨੰ**
**ਊਚੇ ਤੇ ਊਚੌ ਜਾਨੀਜੈ [੪੦] ਪ੍ਰਭ ਤੇਰੋ ਥਾਨੰ [੪੧] ॥**
**ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ [੪੨]**
**ਕਵਨ ਉਪਮਾ [੪੩] ਦੇਉ ਬਡੇ ਤੇ ਬਡਾਨੰ [੪੪] ॥**

---

22. ਹਾਂ, ਇਤਨਾ ਕਹਿ ਸਕਦਾ ਹਾਂ ਕਿ ਮੈ ਉਸ ਤੋਂ ਕੁਰਬਾਨ ਹਾਂ। 23. ਝਰਨੇ, ਚਸ਼ਮੇ। 24. ਚਲਦੇ ਹਨ। 25. ਤੂੰ ਆਪਣੀ ਮਰਜ਼ੀ ਹੀ ਕਰਦਾ ਹੈ, ਦੂਜੇ ਨੂੰ ਸਲਾਹ ਮਸ਼ਵਰੇ ਵਿਚ ਨਹੀਂ ਲਿਆਉਂਦਾ। ਤੇਰੇ ਘਰ ਪੈਦਾਇਸ਼ ਤੇ ਪਰਲੋ ਅੱਖ ਦੇ ਫੋਰ ਵਿਚ ਹੋ ਜਾਂਦੇ ਹਨ। 26. ਤੇਰੇ ਵਰਗਾ ਹੋਰ ਕੋਈ ਨਹੀਂ। 27. ਪ੍ਰਕਾਸ਼, ਚਾਨਣਾ। 28. ਨਿਰਮਲ। 29. ਤੇਰਾ ਨਾਮ ਲਿਆਂ ਕਰੋੜਾ ਪਾਪ ਦੂਰ ਹੋ ਜਾਂਦੇ ਹਨ। 30. ਸ੍ਰਿਸ਼ਟੀ ਦੇ ਸਾਰੇ ਮੰਡਲ ਤੂੰ ਹੀ ਬਣਾਏ, ਇਕ ਤੇਰੇ ਵਿਚੋਂ ਹੀ ਨਿਕਲ ਕੇ ਖਿਲਾਰੇ ਗਏ ਹਨ, ਤੂੰ ਸਭ ਵਿਚ ਵਿਆਪਕ ਹੈ, ਫਿਰ ਵੀ ਨਿਰਲੇਪ ਹੈ। 31. ਤੇਰੇ। 32.ਜੋ ਲਖਿਆ ਨਾ ਜਾ ਸਕੇ, ਪੂਰਾ ਅਨੁਭਵ ਨਾ ਕੀਤਾ ਜਾ ਸਕੇ। 33. ਹੰਕਾਰ ਦਾ ਵੈਰੀ, ਹਉਮੈ ਨੂੰ ਨਾਸ਼ ਕਰਨ ਵਾਲਾ। 34. ਸ੍ਰਿਸ਼ਟੀ। 35. ਆਸਰਾ ਦੇ ਰਿਹਾ

ਹੈ। 36. ਵੇਖਿਆ ਹੈ। 37. ਰੰਗ ਤੇ ਚਿਹਨ ਚਕਰ ਰਹਿਤ। 38. ਨਾ ਮੂੰਹ ਹੈ ਨਾ ਦਾਹੜੀ ਮੁਛਾਂ। 39. ਸਾਰੇ ਗੁਣਾਂ ਦੇ ਭੰਡਾਰ। ਤੇਰੇ ਗਿਆਨ ਧਿਆਨ ਦੀ ਕੋਈ ਕੀਮਤਿ ਨਹੀਂ, ਭਾਵ ਅੰਤ ਨਹੀਂ। 40. ਜਾਣੀਦਾ ਹੈ, ਸੁਣੀਦਾ ਹੈ। 41. ਟਿਕਾਣਾ। 42. ਸਾਰਾ ਜਹਾਨ ਤੇਰੇ ਏਕੋ ਨੇਮ ਯਾ ਸਿਸਟਮ ਵਿਚ ਪ੍ਰੋਤਾ ਹੈ। 43. ਤਸ਼ਬੀਹ, ਸਾਵੀ ਜਾਂ ਬਰਾਬਰ ਦੀ ਸ਼ੈਅ। 44. ਵੱਡਾ।

**ਜਾਨੈ ਕਉਨੁ ਤੇਰੋ ਭੇਉ [੪੫] ਅਲਖ ਅਪਾਰ ਦੇਉ [੪੬]**
**ਅਕਲ ਕਲਾ [੪੭] ਹੈ ਪ੍ਰਭ ਸਰਬ ਕੋ ਧਾਨੰ [੪੮] ॥**
**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ [੨੧] ॥**
**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ [੨੨] ॥ ੪ ॥**
**ਨਿਰੰਕਾਰੁ ਆਕਾਰ ਅਛਲ [੪੯] ਪੂਰਨ ਅਬਿਨਾਸੀ ॥**
**ਹਰਖਵੰਤ [੫੦] ਆਨੰਤ [੫੧] ਰੂਪ ਨਿਰਮਲ ਬਿਗਾਸੀ [੫੨] ॥**
**ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਾਹੀ ਪਾਸੀ [੫੩] ॥**
**ਜਾ ਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥**
**ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥**
**ਹਰਿ ਗੁਰੁ ਨਾਨਕੁ ਜਿਨ ਪਰਸਿਅਉ [੫੪] ਸਿ ਜਨਮ ਮਰਣ ਦੁਹ ਥੇ ਰਹਿਓ ॥ ੫ ॥**
**ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ [੫੫] ॥**
**ਦੂਸਰ ਆਨ [੫੬] ਨ ਅਵਰੁ ਪੁਰਖੁ ਪਊਰਾਤਨੁ [੫੭] ਸੁਣੀਐ ॥**
**ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥**
**ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ [੫੮] ॥**
**ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ [੫੯] ॥**
**ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ [੬੦] ॥ ੬ ॥**
**ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ [੬੧] ॥**
**ਸਚੈ ਤਖਤਿ ਨਿਵਾਸੁ ਸਚੁ ਤਪਾਵਸੁ [੬੨] ਕਰਿਓ ॥**
**ਸਚਿ ਸਿਰਜਿਉ ਸੰਸਾਰੁ [੬੩] ਆਪਿ ਆਭੁਲੁ ਨ ਭੁਲਉ ॥**
**ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ [੬੪] ॥**
**ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ ॥**

---

45. ਭੇਤ। 46. ਦੇਵ, ਪ੍ਰਕਾਸ਼ ਰੂਪ। 47. ਜਿਸ ਦੀ ਕਲਾ (ਸੱਤਾ) ਅੰਗ ਰਹਿਤ ਹੈ, ਇਕ ਰਸ ਹੈ। 48. ਆਸਰਾ। 49. ਜਿਸ ਨੂੰ ਕੋਈ ਧੋਖਾ ਨ ਦੇ ਸਕੇ। 50. ਖੁਸ਼ ਰਹਿਣ ਵਾਲਾ। 51. ਬੇਅੰਤ ਰੂਪਾਂ ਵਾਲਾ। 52. ਮਉਲਿਆ ਹੋਇਆ, ਖਿੜਿਆ ਹੋਇਆ। 53. ਤੇਰਾ ਅੰਤ ਰਤਾ ਭੀ ਨਹੀ ਪੈਦਾ। 54. ਛੁਹਿਆ ਹੈ, ਭੇਟਿਆ ਹੈ। 55. ਕਹੀਦਾ ਹੈ, ਆਖਿਆ ਜਾਂਦਾ ਹੈ। 56. ਕੋਈ ਹੋਰ। 57. ਪੁਰਾਣਾ, ਮੁੱਢ ਦਾ। 58. ਜਿਨ੍ਹਾਂ ਨੇ ਜੀਭ ਨਾਲ ਚਖਿਆ ਹੈ (ਅੰਮ੍ਰਿਤ ਨਾਮ) ਉਹ ਆਦਮੀ ਰੱਜ ਗਏ ਹਨ। 59. ਜਿਨ੍ਹਾਂ ਉੱਤੇ ਮਾਲਕ ਖੁਸ਼ ਹੋਇਆ, ਉਹਨਾਂ ਦਾ

ਸਤਸੰਗਤਿ ਵਿਚ ਪਿਆਰ ਹੋ ਗਿਆ। 60. ਐਸੇ ਹਰੀ ਗੁਰੂ ਨਾਨਕ ਨੂੰ ਜੋ ਮਿਲੇ ਹਨ, ਉਨ੍ਹਾਂ ਨੇ ਆਪਣੇ ਸਾਰੇ ਖਾਨਦਾਨ ਦਾ ਬੇੜਾ ਪਾਰ ਕਰ ਲਿਆ ਹੈ। 61. (ਆਪਣੇ ਆਪ ਨੂੰ) ਸਚੇ ਗੁਰੂ ਪਾਸ ਰਖਿਆ ਹੈ। 62. ਇਨਸਾਫ, ਨਿਆਂਉ। 63. ਸਦਾ ਕਾਇਮ ਰਹਿਣ ਵਾਲੇ (ਪ੍ਰਭੂ) ਨੇ ਜਗਤ ਨੂੰ ਰਚਿਆ ਹੈ। 64. (ਉਸ ਦੇ ਨਾਮ ਦਾ) ਮੁੱਲ ਨਹੀਂ ਪੈ ਸਕਦਾ।

ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ [੬੫] ਫਿਰਿ ਜੋਨਿ ਨ ਆਏ ॥ ੭ ॥

ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ ॥

ਸਿਧ ਸਾਧਿਕ ਤੇਤੀਸ ਕੋਰਿ [੬੬] ਤਿਰੁ ਕੀਮ ਨ ਪਰੀਐ [੬੭] ॥

ਬ੍ਰਹਮਾਦਿਕ [੬੮] ਸਨਕਾਦਿ [੬੯] ਸੇਖ [੭੦] ਗੁਣ ਅੰਤੁ ਨ ਪਾਏ ॥

ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ [੭੧] ॥

ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ [੭੨] ॥

ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥ ੮ ॥

ਪ੍ਰਭ ਦਾਤਉ ਦਾਤਾਰ ਪਰ੍ਯਿਉ ਜਾਚਕੁ ਇਕੁ ਸਰਨਾ [੭੩] ॥

ਮਿਲੈ ਦਾਨੁ ਸੰਤ ਰੇਨ [੭੪] ਜੇਹ ਲਗਿ ਭਉਜਲੁ ਤਰਨਾ [੭੫] ॥

ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥

ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ [੭੬] ॥

ਬਲਿਓ ਚਰਾਗੁ [੭੭] ਅੰਧ੍ਯਾਰ ਮਹਿ [੭੮]

ਸਭ ਕਲਿ [੭੯] ਉਧਰੀ [੮੦] ਇਕ ਨਾਮ ਧਰਮ [੮੧] ॥

ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥ ੯ ॥

*(ਪੰਨਾ ੧੩੮੫-੧੩੮੭)*

65. ਮੁੜ ਕੇ। 66. ਤੇਤੀ ਕਰੋੜ ਦੇਵਤਿਆਂ ਪਾਸੋ ਭੀ। 67. ਤਿਲ ਭਰ ਕੀਮਤਿ ਨਹੀਂ ਪਈ। 68. ਬ੍ਰਹਮਾ ਤੇ ਹੋਰ ਦੇਵਤੇ। 69. ਸਨਕ, ਸਨੰਦਨ ਆਦਿ ਬ੍ਰਹਮਾ ਦੇ ਪੁਤ੍ਰ। 70. ਸ਼ੇਸ਼ਨਾਗ। 71. ਉਹ ਪਹੁੰਚ ਤੋਂ ਪਰ੍ਹੇ ਹੋਣ ਕਰਕੇ ਫੜਿਆ ਨਹੀਂ ਜਾਂਦਾ, ਫਿਰ ਭੀ ਉਹ ਸਭ ਥਾਂ ਵਿਆਪਕ ਹੈ। 72. ਜਿਨ੍ਹਾ ਦੀ ਮਾਇਆ ਦੀ ਫਾਹੀ ਕ੍ਰਿਪਾਲ ਪ੍ਰਭੂ ਨੇ ਕੱਟ ਦਿੱਤੀ ਹੈ, ਉਹੀ ਉਸ ਦੀ ਭਗਤੀ ਵਿਚ ਲੱਗੇ ਹਨ। 73. ਮੈਂ ਇਕ ਮੰਗਤਾ ਤੇਰੀ ਸਰਨ ਆਇਆ ਹਾਂ। 74. ਸੰਤਾਂ ਦੀ ਚਰਨ ਧੂੜ। 75. ਜਿਸ ਨਾਲ ਲੱਗ ਕੇ ਇਹ ਸੰਸਾਰ

ਸਮੁੰਦਰ ਤਰ ਜਾਵਾਂ। 76. ਮੇਰੇ ਮਨ ਵਿਚ ਇਹ ਤਾਂਘ ਹੈ ਕਿ ਮੇਰਾ ਇਹ ਮਨ ਤੇਰੀ ਭਗਤੀ ਵਿਚ ਟਿਕ ਜਾਏ। 77. ਦੀਵਾ। 78. ਹਨੇਰੇ ਵਿਚ। 79. ਸ੍ਰਿਸ਼ਟੀ। 80. ਪਾਰ ਲੰਘ ਗਈ। 81. ਹਰੀ ਨਾਮ ਦੇ ਸਿਮਰਨ-ਰੂਪ ਧਰਮ ਦੁਆਰਾ।

੩. ਅਗਮ [੮੨] ਅਗੋਚਰਾ [੮੩] ਤੇਰਾ ਅੰਤੁ ਨ ਪਾਇਆ ॥
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥
ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥
ਕਹੈ ਨਾਨਕੁ ਤੂ ਸਦਾ ਅਗੰਮੁ [੮੨] ਹੈ ਤੇਰਾ ਅੰਤੁ ਨ ਪਾਇਆ ॥

*(ਪੰਨਾ ੯੧੮)*

੪. ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ [੮੪] ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ *(ਪੰਨਾ ੧੩੬੧)*

੫. ਤੁਧੁ ਧਿਆਇਨ੍ਹਿ ਬੇਦ ਕਤੇਬਾ ਸਣੁ [੮੫] ਖੜੇ ॥
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥
ਬ੍ਰਹਮੇ ਤੁਧੁ ਧਿਆਇਨ੍ਹਿ ਇੰਦ੍ਰ ਇੰਦ੍ਰਾਸਣਾ [੮੬] ॥
ਸੰਕਰ [੮੭] ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥
ਪੀਰ ਪਿਕਾਬਰ ਸੇਖ ਮਸਾਇਕ [੮੮] ਅਉਲੀਏ ॥
ਓਤਿ ਪੋਤਿ [੮੯] ਨਿਰੰਕਾਰ ਘਟਿ ਘਟਿ ਮਉਲੀਏ [੯੦] ॥
ਕੂੜਹੁ ਕਰੇ ਵਿਣਾਸੁ ਧਰਮੇ ਤਗੀਐ [੯੧] ॥
ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥ *(ਪੰਨਾ ੫੧੮)*

---

3. 82. ਹੇ ਅਪਹੁੰਚ-ਮਨ, ਬੁਧੀ ਦੀ ਪਹੁੰਚ ਤੋਂ ਪਰ੍ਹੇ। 83. ਗਿਆਨ ਇੰਦਰਿਆਂ ਦੀ ਪਹੁੰਚ ਤੋਂ ਪਰ੍ਹੇ
4. 84. ਹੇ ਅਗਮ ! ਤੇਰੇ ਹੱਥ ਵਿਚ ਕਲਮ ਹੈ, ਜਿਸ ਨਾਲ ਸਭ ਦੇ ਮੱਥੇ ਤੇ ਲੇਖ ਲਿਖੇ ਜਾਂਦੇ ਹਨ। ਹੇ ਅਨੂਪ ਰੂਪ ਵਾਲੇ ! ਤੂੰ ਸਭ ਦੇ ਸੰਗ ਮਿਲ ਰਿਹਾ ਹੈ।

5. 85. ਸਮੇਤ। 86. ਇੰਦ੍ਰ ਦੇ ਆਸਣ ਵਾਲੇ। 87. ਸ਼ਿਵ। 88. ਕਈ ਸ਼ੇਖ। 89. ਤਾਣੇ ਪੇਟੇ ਵਿਚ ਭਾਵ ਸਾਰੇ ਤੂੰ ਹੀ ਸਮਾਇਆ ਹੈ। 90. ਪ੍ਰਫੂਲਤ ਹੈ। 91. ਝੂਠ ਦੇ ਕਾਰਣ (ਜੀਵ ਆਪਣੇ ਆਪ ਦਾ) ਨਾਸ ਕਰ ਲੈਂਦਾ ਹੈ। ਧਰਮ ਦੇ ਰਾਹੀ (ਤੇਰੇ ਨਾਲ ਜੀਵਾਂ ਦੀ) ਨਿਭ ਜਾਂਦੀ ਹੈ।

੬. ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥
ਰੰਗ ਪਰੰਗ [੯੨] ਅਨੇਕ ਨ ਜਾਪਨ੍ਹਿ ਕਰਤਬਾ ॥
ਜੀਆ ਅੰਦਰਿ ਜੀਉ [੯੩] ਸਭੁ ਕਿਛੁ ਜਾਣਲਾ ॥
ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥
ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ ॥
ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ [੯੪] ॥
ਸਰਬ ਕਲਾ [੯੫] ਭਰਪੂਰੁ ਦਿਸੈ ਜਤ ਕਤਾ ॥
ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ ॥

*(ਪੰਨਾ ੯੬੫)*

੭. ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥
ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥
ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ [੯੬] ॥
ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥
ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ [੯੭] ॥ *(ਪੰਨਾ ੭੯੨)*

੮. ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ [੯੮] ॥ ੧ ॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ [੯੯] ਗੁਣੀ ਗਹੀਰਾ [੧੦੦] ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ [੧] ॥ ੧ ॥ ਰਹਾਉ ॥
ਸਭਿ ਸੁਰਤੀ [੨] ਮਿਲਿ ਸੁਰਤਿ ਕਮਾਈ ॥

6. 92. ਰੰਗ-ਬਰੰਗੇ। 93. ਜ਼ਿੰਦਗੀ, ਜੋਤਿ। 94. ਜਰਦਾ ਹੈ। 95. ਤਾਕਤ, ਸੱਤਿਆ।

7. 96. ਸਾਥੀ, ਮਿੱਤਰ। 97. ਤਮਾ, ਲਾਲਚ।

8. 98. ਲੀਨ ਹੋ ਗਏ। 99. ਅਥਾਹ ਡੂੰਘਾ, ਜਿਸ ਦੀ ਡੂੰਘਾਈ ਦਾ ਅੰਤ ਨਹੀਂ।

100. ਗੁਣਾਂ ਦਾ ਖਜਾਨਾ, ਭੰਡਾਰ। 1. ਪਸਾਰਾ। 2. ਸੁਰਤਿ (ਵੇਦ) ਜਾਣਨ ਵਾਲਿਆਂ ਨੇ।

ਸਭ ਕੀਮਤਿ ਮਿਲਿ ਕੀਮਤਿ ੩ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ੪ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥ ੨ ॥
ਸਭਿ ਸਤ ੫ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ੬ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ੭ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ੮ ॥ ੩ ॥
ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ੯ ॥
ਨਾਨਕ ਸਚੁ ਸਵਾਰਣਹਾਰਾ ॥ ੪ ॥ *(ਪੰਨਾ ੯)*

੯. ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ੧੦ ਖਾਇ ੧੧ ਚਲੀਅਹਿ ਦੂਖ ੧੨ ॥ ੧ ॥
ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ੧੩ ਸਾਚੈ ਨਾਇ ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ੧੪ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ੧੫ ॥ ਦੇਦਾ ਰਹੈ ਨ ਚੂਕੈ ਭੋਗੁ ੧੬ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ੧੭ ॥ ੩ ॥

---

8. 3. ਮੁਲ ਪਾਇਆ। 4. ਵੱਡੇ ਤੋਂ ਵੱਡੇ ਪ੍ਰਸਿੱਧ ਵਿਚਾਰਵਾਨਾਂ ਤੇ ਧਿਆਨ ਜੋੜਨ ਵਾਲਿਆਂ। 5. ਆਚਾਰ। 6. ਕਰਾਮਾਤਾਂ ਵਾਲਿਆਂ। 7. ਸਫਲਤਾ, ਕਾਮਯਾਬੀ। 8. ਮਿਹਰ ਨਾਲ ਮਿਲਦੀ ਹੈ ਤੇ ਮਿਲਦੀ ਨੂੰ ਕੋਈ ਰੋਕ ਨਹੀਂ ਸਕਦਾ। 9. ਮੁਹਤਾਜੀ।

9. 10. ਉਸ ਭੁੱਖ ਦੇ ਕਾਰਣ। 11. (ਨਾਮ-ਭੋਜਨ) ਖਾ ਕੇ। 12. ਦੁਖ ਦੂਰ ਹੋ ਜਾਂਦੇ ਹਨ। 13. ਸੱਚਾ ਮਾਲਕ। 14. ਆਖਣ ਲੱਗਣ। 15. ਅਫਸੋਸ, ਦੁਖ। 16. ਪਦਾਰਥ ਨਹੀਂ ਮੁੱਕਦੇ। 17. ਉਸ ਦੀ ਖੂਬੀ ਏਹੋ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ, ਉਸ ਵਰਗਾ ਨਾ ਕੋਈ ਹੋਇਆ ਹੈ ਅਤੇ ਨਾ ਅੱਗੋ ਕੋਈ ਹੋਵੇਗਾ।

ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ [੧੮] ॥ ਨਾਨਕ ਨਾਵੈ ਬਾਝੁ ਸਨਾਤਿ [੧੯] ॥ ੪ ॥

*(ਪੰਨਾ ੯-੧੦)*

੧੦. ਦਰਿ ਮੰਗਤੁ ਜਾਚੈ ਦਾਨੁ [੨੦] ਹਰਿ ਦੀਜੈ ਕ੍ਰਿਪਾ ਕਰਿ ॥
ਗੁਰਮੁਖਿ [੨੧] ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥
ਅਨਹਦ [੨੨] ਸਬਦੁ ਵਜਾਇ ਜੋਤੀ ਜੋਤਿ ਧਰਿ [੨੩] ॥
ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ [੨੪] ॥
ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥

*(ਪੰਨਾ ੭੯੦)*

੧੧. ਤੂੰ ਘਟ ਘਟ ਅੰਤਰਿ [੨੫] ਸਰਬ ਨਿਰੰਤਰਿ [੨੬] ਜੀ ਹਰਿ ਏਕੋ ਪੁਰਖੁ ਸਮਾਣਾ ॥
ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ [੨੭] ਵਿਡਾਣਾ [੨੮] ॥
ਤੂੰ ਆਪੇ ਦਾਤਾ ਆਪੇ ਭੁਗਤਾ [੨੯] ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ [੩੦] ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥ ੨ ॥

*(ਪੰਨਾ ੧੧)*

---

9. 18. ਭੈੜੀ ਜਾਤ ਵਾਲੇ। 19. ਨੀਚ।

10. 20. ਮੰਗਤਾ ਮੰਗਦਾ ਹੈ ਦਾਨ। 21. ਗੁਰੂ ਦੇ ਸਨਮੁਖ ਕਰਕੇ। 22. ਇਕ ਰਸ, ਕਦੇ ਨ ਮੁੱਕਣ ਵਾਲਾ। 23. ਟਿਕਾ ਕੇ। 24. ਦਿਲੋਂ ਹਰੀ ਦੇ ਗੁਣ ਗਾਵੇ ਅਤੇ (ਮੂੰਹੋਂ) ਹਰੀ ਦੀ ਜੈ ਦਾ ਸ਼ਬਦ ਕਹੇ, ਭਾਵ ਨਾਹਰਾ ਛਡੇ–ਜੈ ਹਰੀ ! ਜੈ ਹਰੀ।

11. 25. ਹਰ ਇਕ ਦਿਲ ਵਿਚ। 26. ਵਿੱਥ ਤੋਂ ਬਿਨਾਂ, ਇਕ ਰਸ। 27. ਕੌਤਕ, ਤਮਾਸ਼ੇ। 28. ਹੈਰਾਨ ਕਰਨ ਵਾਲੇ, ਅਸਚਰਜ। 29. ਭੋਗਣ ਵਾਲਾ, ਖਾਣ ਵਾਲਾ। 30. ਬਿਆਨ ਕਰਾਂ।

੧੨. ਤੂੰ ਆਦਿ [੩੧] ਪੁਰਖੁ ਅਪਰੰਪਰੁ [੩੨] ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ [੩੩] ਕਰਤਾ ਸੋਈ ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ [੩੪] ਸਭ ਗੋਈ [੩੫] ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ [੩੬] ॥ ੫ ॥

*(ਪੰਨਾ ੧੧)*

੧੩. ਤੂ ਦਰੀਆਉ ਦਾਨਾ ਬੀਨਾ [੩੭] ਮੈ ਮਛੁਲੀ ਕੈਸੇ ਅੰਤੁ [੩੮] ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ [੩੯] ਫੂਟਿ ਮਰਾ [੪੦] ॥੧॥
ਨ ਜਾਣਾ ਮੇਉ [੪੧] ਨ ਜਾਣਾ ਜਾਲੀ ॥
ਜਾ ਦੁਖੁ ਲਾਗੈ ਤਾ ਤੁਝੈ ਸਮਾਲੀ [੪੨] ॥ ੧ ॥ ਰਹਾਉ ॥
ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥
ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ [੪੩] ॥ ੨ ॥
ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ [੪੪] ਨਾਹੀ ਕੈ ਦਰਿ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ [੪੫] ॥ ੩ ॥

*(ਪੰਨਾ ੨੫)*

---

12. 31. ਮੁੱਢ ਤੋਂ। 32. ਪਰ੍ਹੇ ਤੋਂ ਪਰ੍ਹੇ, ਬੇਹੱਦ। 33. ਨਾ ਚਲਾਇਮਾਨ, ਅੱਟਲ, ਸਦਾ ਕਾਇਮ। 34. ਪੈਦਾ ਕਰਕੇ, ਬਣਾ ਕੇ। 35. ਲੈ ਕੀਤੀ, ਨਾਸ ਕੀਤੀ। 36. ਜਾਣਨ ਵਾਲਾ।

13. 37. ਜਾਣਨ ਵਾਲਾ ਤੇ ਦੇਖਣ ਵਾਲਾ। 38. ਤੇਰਾ ਅਖੀਰਲਾ ਬੰਨਾ ਨਹੀਂ ਲੱਭ ਸਕਦੀ। 39. ਨਿਕਲੀ ਹੋਈ, ਵਿੱਛੜੀ ਹੋਈ। 40. ਫੁੱਟ ਕੇ ਮਰ ਜਾਂਦੀ ਹਾਂ। 41. ਮਾਹੀਗੀਰ, ਮਾਛੀ ਭਾਵ ਜਮ। 42. ਯਾਦ ਕਰਦੀ ਹਾਂ। 43. ਨਾ ਤੇਰੇ ਕਿਸੇ ਕੰਮ ਜੋਗੀ ਹਾਂ, ਅਤੇ ਨਾ ਤੇਰੇ ਨਾਮ ਵਿਚ ਹਾਂ, ਅਰਥਾਤ ਨਾ ਤੇਰੇ ਨਾਮ ਵਿੱਚ ਸਮਾਈ ਹਾਂ। 44. ਦੂਜਾ ਦੁਆਰ, ਹੋਰ ਘਰ। 45. ਮਨ ਤੇ ਸਰੀਰ ਸਭ ਤੇਰੇ ਹਵਾਲੇ ਹੈ।

੧੪. ਕਉਣ ਤਰਾਜੀ [੪੬] ਕਵਣੁ ਤੁਲਾ [੪੭] ਤੇਰਾ ਕਵਣੁ ਸਰਾਫੁ [੪੮] ਬੁਲਾਵਾ ॥
ਕਉਣੁ ਗੁਰੂ ਕੈ ਪਹਿ ਦੀਖਿਆ [੪੯] ਲੇਵਾ ਕੈ ਪਹਿ ਮੁਲੁ ਕਰਾਵਾ ॥ ੧ ॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ [੫੦] ॥੧॥ ਰਹਾਉ ॥
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ [੫੧] ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ [੫੨] ॥ ੨ ॥
ਆਪੇ ਕੰਡਾ [੫੩] ਤੋਲੁ ਤਰਾਜੀ ਆਪੇ ਤੋਲਣਹਾਰਾ ॥
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥ ੩ ॥
ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ [੫੪] ॥ *(ਪੰਨਾ ੭੩੦-੩੧)*

੧੫. ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ [੫੫] ॥ ੧ ॥

---

14. ਵਾਹਿਗੁਰੂ ਮਿਣਨ ਮਾਪਣ ਵਾਲੀ ਚੀਜ਼ ਨਹੀਂ। ਉਹ ਤਾਂ ਬੇਅੰਤ ਹੈ, ਪਰ ਹਰ ਥਾਂ ਸਮਾਇਆ ਹੋਣ ਕਰਕੇ ਚਿੱਤ ਨਾਲ ਅਨੁਭਵ ਕਰ ਸਕਦੇ ਹਾਂ, ਉਹ ਭੀ ਉਸ ਦੀ ਆਪਣੀ ਕ੍ਰਿਪਾ ਹੋਵੇ ਤਾਂ, ਨਹੀਂ ਤਾਂ ਮਨੁੱਖ ਦਾ ਮਨ ਆਪਣੇ ਆਪ ਤੁੱਛ ਹੈ। 46. ਤੱਕੜੀ। 47. ਤੋਲ, ਵੱਟਾ। 48. ਪਰਖ ਕਰਨ ਵਾਲਾ। 49. ਸਿਖਿਆ, ਉਪਦੇਸ਼। 50. ਤੂੰ ਪਾਣੀ ਤੇ ਸੁੱਕੀ ਧਰਤੀ ਵਿਚ ਅਤੇ ਧਰਤ, ਅਕਾਸ਼ ਦੇ ਵਿਚਕਾਰਲੇ ਥਾਂ ਵਿਚ ਪੂਰੀ ਤਰ੍ਹਾ ਸਮਾਇਆ ਹੋਇਆ ਹੈ। 51. ਤੇਰੀ ਸੇਵਾ ਕਰਾਂ (ਭਾਣਾ ਮੰਨਾ) ਇਹ ਮੇਰੇ ਲਈ ਸਰਾਫ ਹੋਵੇ ਭਾਵ ਹੁਕਮ ਵਿਚ ਤੁਰਨ ਨਾਲ ਮਨ ਵਿਚ ਪਿਆਰੇ ਦੀ ਕਦਰ ਪੈਦਾ ਹੁੰਦੀ ਹੈ। 52. ਦਿਲ ਵਿਚ ਹੀ ਉਸ ਪਿਆਰੇ ਦੀ ਕਦਰ ਨੂੰ ਪਰਖਾਂ-ਇਸ ਤਰੀਕੇ ਨਾਲ ਆਪਣੀ ਬ੍ਰਿਤੀ ਨੂੰ ਜੋੜਦਾ ਹਾਂ। 53. ਤੱਕੜੀ ਦੀ ਡੰਡੀ ਦੇ ਵਿਚਕਾਰ ਜੋ ਸੂਈ ਹੁੰਦੀ ਹੈ ਅਤੇ ਭਾਰੇ ਪਾਸੇ ਵੱਲ ਝੁਕਦੀ ਹੈ। 54. (ਮਨ) ਅਗਿਆਨੀ, ਨੀਵੀ ਜਾਤ ਵਾਲਾ

(ਕਮੀਨਾ) ਅਤੇ ਬਿਗਾਨਾ ਹੈ। ਇਕ ਖਿਨ ਭੀ ਟਿਕ ਕੇ ਨਹੀਂ ਬਹਿੰਦਾ। ਇਹੋ ਜਿਹੇ ਮਨ ਦੀ ਸੰਗਤਿ ਵਿਚ ਮੈਂ (ਨਾਨਕ) ਰਹਿੰਦਾ ਹੈ, ਮੈਂ ਮੂਰਖ ਕਿਵੇਂ ਹਰੀ ਨੂੰ ਪ੍ਰਾਪਤ ਕਰ ਸਕਦਾ ਹਾਂ ?

15. 55. ਹੇ ਹਰੀ ! ਤੂੰ ਤਾਂ ਬਾਦਸ਼ਾਹ ਹੈ (ਸਭ ਤੋਂ ਵੱਡਾ ਹੈ। ਮੈ ਤੈਨੂੰ ਮੀਆਂ (ਚੌਧਰੀ) ਕਰਕੇ ਬੁਲਾਵਾਂ, ਇਸ ਵਿਚ ਤੇਰੀ ਕੇਹੜੀ ਇੱਜ਼ਤ ਹੈ ? ਭਾਵ ਤੇਰੀ ਵਡਿਆਈ ਬੇਅੰਤ ਹੈ। ਮੈਂ ਜਿੰਨੀ ਵੀ ਸਿਫਤਿ ਕਰਾਂ ਉਹ ਥੋੜੀ ਹੈ। ਜਿੰਨਾਂ ਕੁ (ਆਪਣੇ ਸਰੂਪ ਦਾ ਮਹਦੂਦ ਜਿਹਾ ਤਸੱਵਰ) ਤੂੰ ਮੈਨੂੰ ਦਿੱਤਾ ਹੈ, ਮੈਂ ਉਹ ਕੁਝ ਕਹਿ ਦਿੰਦਾ ਹਾਂ-ਮੈ ਅੰਵਾਨ ਤੋਂ ਤੇਰੀ ਸਾਰੀ ਵਡਿਆਈ ਕਹੀ ਨਹੀਂ ਜਾਂਦੀ।

**ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ [੫੬] ॥ ੧ ॥ ਰਹਾਉ ॥**
**ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ [੫੭] ॥**
**ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ [੫੮] ਕਿਆ ਚਤੁਰਾਈ [੫੯] ॥ ੨ ॥**
**ਕਿਆ ਹਉ ਕਥੀ [੬੦] ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥**
**ਜੋ ਤੁਧੁ ਭਾਵੈ ਸੋਈ ਆਖਾ ਤਿਲੁ [੬੧] ਤੇਰੀ ਵਡਿਆਈ ॥ ੩ ॥**
**ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥**
**ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ [੬੨] ॥ ੪ ॥** *(ਪੰਨਾ ੭੯੫)*

**੧੬. ਹੇ ਅਚੁਤ [੬੩] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ [੬੪] ॥**
**ਹੇ ਪੂਰਨ ਹੇ ਸਰਬ [੬੫] ਮੈ ਦੁਖ ਭੰਜਨ ਗੁਣਤਾਸ [੬੬] ॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ [੬੭] ਸਭ ਟੇਕ ॥**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ [੬੮] ॥**
**ਹੇ ਅਪਰੰਪਰ [੬੯] ਹਰਿ ਹਰੇ ਹਹਿ ਭੀ ਹੋਵਨਹਾਰ ॥**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ [੭੦] ॥**

---

15. 56. ਹੇ ਪ੍ਰਭੂ, ਮੈਨੂੰ ਕੇਵਲ ਇਹ ਗੱਲ ਦ੍ਰਿੜ ਕਰਾ ਕਿ (ਤੇਰਾ ਅੰਤ ਪਾਣ ਦਾ ਖਿਆਲ ਛੱਡ ਕੇ) ਤੇਰੇ ਗੁਣ ਹੀ ਗਾਉਂਦਾ ਰਹਾਂ ਅਤੇ ਜਿਵੇਂ ਵੀ ਹੋਵੇ ਮੈਂ ਤੇਰੇ ਸੱਚ ਵਿਚ ਹੀ ਟਿਕਿਆ ਰਹਾਂ। 57. ਜੋ ਕੁਝ ਪੈਦਾ ਹੋਇਆ, ਇਹ ਸਭ ਤੇਰੀ ਸ਼ਕਤੀ ਨਾਲ ਹੋਇਆ ਹੈ ਤੇ ਤੇਰੀ ਵਡਿਆਈ ਪ੍ਰਗਟ ਕਰ ਰਿਹਾ ਹੈ। 58. ਅੰਨ੍ਹੇ ਦੀ। 59. ਸਿਆਣਪ। 60. ਮੈ (ਤੇਰੀ ਵਡਿਆਈ) ਕੀ ਆਖਾਂ ? ਜਦ ਮੈਂ ਆਖ ਆਖ ਕੇ ਵੇਖਦਾ ਹਾਂ ਕਿ ਤੂੰ ਅਕਥ ਮੈਥੋਂ ਕਹਿਆ ਨਹੀਂ ਜਾਂਦਾ। 61. ਤਿਲ ਭਰ, ਥੋੜ੍ਹੀ ਜਿੰਨੀ। 62. ਐਨੇ (ਬਹੁਤੇ ਸਾਰੇ) ਭਉਕਣ ਵਾਲੇ ਕੁੱਤੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਹਨ ਤੇ ਇਹਨਾਂ ਅਧੀਨ ਹੋ ਮੈਂ ਅਗਿਆਨੀ ਸਰੀਰ ਨਾਲ ਭੋਂਕਣ ਲਗ ਜਾਦਾ ਹਾਂ। ਭਾਵ ਕਾਮ ਅਧੀਨ ਕਾਮੀ, ਕ੍ਰੋਧ ਅਧੀਨ ਕਰੋਧੀ ਆਦਿ ਬਣ ਜਾਂਦਾ ਹਾਂ। ਇਸ ਤਰ੍ਹਾਂ ਕਰਦਾ ਜੇਕਰ ਮੈਂ ਭਗਤੀ ਤੋਂ ਖਾਲੀ ਰਹਿ ਗਿਆ ਤਾਂ ਤੇਰਾ ਨਾਮ ਤਾਂ

ਖਤਮ ਨਹੀਂ ਹੋ ਜਾਣਾ, ਮੇਰਾ ਹੀ ਨੁਕਸਾਨ ਹੋਣਾ ਹੈ। ਸੋ ਕਿਰਪਾ ਕਰ, ਮੈ ਇਹਨਾਂ ਕੁੱਤਿਆਂ ਤੋਂ ਬਚ ਸਕਾਂ।

16. 63. ਨਾ ਚਲਾਇਮਾਨ, ਅਟੱਲ। 64. ਪਾਪਾਂ ਦੇ ਨਾਸ਼ ਕਰਨ ਵਾਲੇ। 65. ਸਰਬ ਵਿਆਪਕ। 66. ਗੁਣਾਂ ਦਾ ਖਜ਼ਾਨਾ। 67. ਮਾਇਆ ਦੇ ਤਿੰਨਾਂ ਗੁਣਾ ਤੋਂ ਵੱਖਰੇ ਰਹਿਣ ਵਾਲੇ। 68. ਪਰਖ ਦੀ ਤਾਕਤ। ਉਹ ਅੰਨ੍ਹੇ-ਵਾਹ ਫੈਸਲੇ ਨਹੀ ਕਰਦਾ, ਉਸ ਦੇ ਫੈਸਲੇ ਹਮੇਸ਼ਾ ਠੀਕ ਹੁੰਦੇ ਨੇ। 69. ਪੱਰ੍ਹੇ ਤੋ ਪੱਰ੍ਹੇ। 70. ਨਿਆਸਰਿਆਂ ਦਾ ਆਸਰਾ।

**ਹੇ ਠਾਕੁਰ ਹਉ ਦਾਸਰੋ [੭੧] ਮੈ ਨਿਰਗੁਨ [੭੨] ਗੁਨੁ ਨਹੀ ਕੋਇ ॥**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ [੭੩] ਪਰੋਇ ॥** *(ਪੰਨਾ ੨੬੧)*

**੧੭. ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ ॥**
**ਹੇ ਸੰਸਾਰ ਤਾਪ ਹਰਣਹ [੭੪] ਕਰੁਣਾ ਮੈ [੭੫] ਸਭ ਦੁਖ ਹਰੋ ॥**
**ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ [੭੬] ਕਰੋ ॥**
**ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ [੭੭] ਨਾਨਕ ਰਾਮ ਦਾਮੋਦਰ [੭੮] ਮਾਧਵਹ [੭੯] ॥**
*(ਪੰਨਾ ੧੩੫੮)*

**੧੮. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ [੮੦] ॥ ੧ ॥ ਰਹਾਉ ॥**
**ਪ੍ਰਾਨ ਨਾਥ ਅਨਾਥ ਸਖੇ [੮੧] ਦੀਨ ਦਰਦ ਨਿਵਾਰ [੮੨] ॥ ੧ ॥**
**ਹੇ ਸਮ੍ਰਥ [੮੩] ਅਗਮ ਪੂਰਨ ਮੋਹਿ ਮਇਆ ਧਾਰਿ [੮੪] ॥ ੨ ॥**
**ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ [੮੫] ॥** *(ਪੰਨਾ ੧੨੭੩)*

**੧੯. ਲਾਲ ਗੋਪਾਲ ਦਇਆਲ ਰੰਗੀਲੇ [੮੬] ॥**
**ਗਹਿਰ [੮੭] ਗੰਭੀਰ ਬੇਅੰਤ ਗੋਵਿੰਦੇ ॥**

---

16. 71. ਨਿੱਕਾ ਜਿਹਾ ਦਾਸ। 72. ਗੁਣ ਹੀਨ। 73. ਹਿਰਦੇ ਵਿਚ।

17. ਹੇ ਸੰਸਾਰ ਦੇ ਦੁੱਖ ਦੂਰ ਕਰਨ ਵਾਲੇ। 75. ਤਰਸਵਾਨ, ਦਯਾ ਸਰੂਪ। 76. ਕ੍ਰਿਪਾ, ਮਿਹਰ। 77. ਕ੍ਰਿਪਾ ਕਰੋ ਕਿ ਸਰੀਰ ਦੇ ਸੁਖ ਤੇ ਦੁੱਖ ਸਮੇ ਤੈਨੂੰ ਸਿਮਰਦਾ ਰਹਾਂ। 78. ਜਿਸ ਦੇ ਪੇਟ ਵਿਚ ਸਾਰਾ ਸੰਸਾਰ ਹੈ-ਵਾਹਿਗੁਰੂ। 79. ਮਾਇਆ ਦਾ ਪਤੀ, ਹਰੀ।

18. 80. ਪਿਆਰੇ ਤੋ ਪਿਆਰੇ। 81. ਹੇ ਨਿਖਸਮਿਆਂ ਦੇ ਮਿੱਤਰ। 82. ਦੂਰ ਕਰਨ ਵਾਲੇ। 83. ਸੱਭ ਤਾਕਤਾਂ ਦੇ ਮਾਲਕ। 84. ਮੇਰੇ ਤੇ ਕ੍ਰਿਪਾਂ ਕਰ। 85. ਸੰਸਾਰ ਅਤੀ ਡਰਾਉਣੇ ਹਨੇਰੇ ਖੂਹ ਵਾਕਰ ਹੈ, ਇਸ ਤੋਂ ਪਾਰ ਕਰ।

19. 86. ਚੋਜੀ, ਪਿਆਰ ਸਰੂਪ। 87. ਅਥਾਹ ਡੂੰਘੇ।

ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ ॥ ੧ ॥
ਦੁਖ ਭੰਜਨ ਨਿਧਾਨ [੮੮] ਅਮੋਲੇ ॥ ਨਿਰਭਉ ਨਿਰਵੈਰ ਅਥਾਹ ਅਤੋਲੇ ॥
ਅਕਾਲ ਮੂਰਤਿ ਅਜੂਨੀ ਸੰਭੌ [੮੯] ਮਨ ਸਿਮਰਤ ਠੰਢਾ ਥੀਵਾਂ ਜੀਉ ॥ ੨ ॥
ਸਦਾ ਸੰਗੀ ਹਰਿ ਰੰਗ ਗੋਪਾਲਾ ॥
ਊਚ ਨੀਚ ਕਰੇ ਪ੍ਰਤਿਪਾਲਾ ॥
ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ [੯੦] ਗੁਰਮੁਖਿ ਅੰਮ੍ਰਿਤੁ [੯੧] ਪੀਵਾਂ ਜੀਉ ॥੩॥
ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥
ਏਹ ਸੁਮਤਿ [੯੨] ਗੁਰੂ ਤੇ ਪਾਈ ॥
ਨਾਨਕ ਕੀ ਧਰ [੯੩] ਤੂੰਹੈ ਠਾਕੁਰ ਹਰਿ ਰੰਗਿ ਪਾਰਿ ਪਰੀਵਾਂ ਜੀਉ [੯੪] ॥੪॥

*(ਪੰਨਾ ੯੯)*

੨੦. ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥
ਅਗਮ ਅਗੋਚਰ ਬੇਅੰਤ ਅਥਾਹਾ [੯੫]
ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥ ੩ ॥
ਖਾਕੁ ਸੰਤਨ [੯੬] ਕੀ ਦੇਹੁ ਪਿਆਰੇ ॥
ਆਇ ਪਇਆ ਹਰਿ ਤੇਰੈ ਦੁਆਰੈ ॥
ਦਰਸਨੁ ਪੇਖਤ ਮਨੁ ਆਘਾਵੈ [੯੭] ਨਾਨਕ ਮਿਲਣੁ ਸੁਭਾਈ [੯੮] ਜੀਉ ॥ ੪ ॥

*(ਪੰਨਾ ੯੮)*

---

19. 88. ਦੁਖਾਂ ਦੇ ਤੋੜਨ ਵਾਲਾ, ਅਮੋਲਕ ਭੰਡਾਰ। 89. ਆਪਣੇ ਆਪ ਤੋਂ। 90. ਨਾਮ ਰਸ ਮਨ ਨੂੰ ਰਜਾਵਣ ਵਾਲਾ ਹੈ। 91. ਮਿਰਤੂ ਤੋਂ ਰਹਿਤ, ਨਾਮ-ਰਸ। 92. ਚੰਗੀ ਅਕਲ।

93. ਆਸਰਾ, ਟੇਕ, 94. ਪ੍ਰਮਾਤਮਾ ਦੇ ਪ੍ਰੇਮ-ਰੰਗ ਵਿਚ (ਲੀਨ ਹੋ ਕੇ ਹੀ) ਮੈਂ ਮਾਇਆ ਦੇ ਸਮੁੰਦਰ ਤੋਂ ਪਾਰ ਲੰਘ ਸਕਦਾ ਹਾਂ।

20. 95. ਹਥਾਲੇ ਰਹਿਤ, ਬੇਅੰਤ। 96. ਸੰਤਾਂ ਦੀ ਚਰਨ-ਧੂੜੀ। 97. ਰੱਜਦਾ ਹੈ, ਦਰਸ਼ਨ ਦੇਖ ਕੇ ਮਨ ਦੀ ਨਿਸ਼ਾ ਹੁੰਦੀ ਹੈ। 98. ਚੰਗੇ ਭਾਗਾਂ ਕਰਕੇ।

੨੧. ਪ੍ਰਭ ਬਖਸੰਦ ਦੀਨ ਦਇਆਲ ॥ ਭਗਤਿ ਵਛਲ [੯੯] ਸਦਾ ਕਿਰਪਾਲ ॥
ਅਨਾਥ ਨਾਥ [੧੦੦] ਗੋਬਿੰਦ ਗੁਪਾਲ ॥ ਸਰਬ ਘਟਾ ਕਰਤ ਪ੍ਰਤਿਪਾਲ [੧] ॥
ਆਦਿ ਪੁਰਖ ਕਾਰਣ ਕਰਤਾਰ ॥ ਭਗਤ ਜਨਾ ਕੇ ਪ੍ਰਾਨ ਅਧਾਰ [੨] ॥
ਜੋ ਜੋ ਜਪੈ ਸੁ ਹੋਇ ਪੁਨੀਤ [੩] ॥ ਭਗਤਿ ਭਾਇ ਲਾਵੈ ਮਨ ਹੀਤ [੪] ॥
ਹਮ ਨਿਰਗੁਨੀਆਰ ਨੀਚ ਅਜਾਨ [੫] ॥
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥ ੭ ॥

*(ਪੰਨਾ ੨੯੦)*

੨੨. ਤੁਮ ਦਾਤੇ ਠਾਕੁਰ ਪ੍ਰਤਿਪਾਲਕ [੬] ਨਾਇਕ [੭] ਖਸਮ [੮] ਹਮਾਰੇ ॥
ਨਿਮਖ ਨਿਮਖ [੯] ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ [੧੦] ॥ ੧ ॥
ਜਿਹਵਾ ਏਕ ਕਵਨ ਗੁਨ ਕਹੀਐ [੧੧] ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ [੧੨] ॥ ੧ ॥ ਰਹਾਉ ॥
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ [੧੩] ॥ ੨ ॥
ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ [੧੪] ॥
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ [੧੫] ॥ ੩ ॥

*(ਪੰਨਾ ੬੭੪)*

---

੨੧. 99. ਭਗਤੀ ਤੇ ਪ੍ਰਸੰਨ ਹੋਣ ਵਾਲਾ, ਜਿਸ ਨੂੰ ਭਗਤੀ ਭਾਉਂਦੀ ਹੈ। 100. ਨਿਖਸਮਿਆਂ ਦਾ ਮਾਲਕ। 1. ਸਾਰੇ ਸਰੀਰਾਂ ਦੀ ਪਾਲਨਾ ਕਰਦਾ ਹੈ। 2. ਪ੍ਰਾਣਾਂ ਦਾ ਆਸਰਾ। 3. ਪਵਿੱਤਰ। 4. ਪ੍ਰੇਮਾ-ਭਗਤੀ ਵਿਚ ਮਨ ਦਾ ਪਿਆਰ ਲਾਂਦਾ ਹੈ। 5. ਮੂਰਖ।

੨੨. 6. ਪਾਲਣ ਵਾਲਾ, 7. ਆਗੂ, ਵੱਡਾ। 8. ਮਾਲਕ। 9. ਪਲ ਪਲ, ਛਿਨ ਛਿਨ। 10. ਅਸੀਂ (ਤੇਰੇ) ਬੱਚੇ ਤੇਰੇ ਆਸਰੇ (ਜਿਉਂਦੇ) ਹਾਂ। 11. ਇਕ ਜ਼ਬਾਨ ਨਾਲ ਤੇਰੇ ਕਿਹੜੇ ਕਿਹੜੇ ਗੁਣ ਬਿਆਨ ਕਰੀਏ? 12. ਕਿਸੇ ਭੀ ਪਾਸੋ ਤੇਰੇ ਗੁਣਾਂ ਦਾ ਅੰਤ ਨਹੀ ਲਭਿਆ ਜਾ ਸਕਦਾ। 13. ਕ੍ਰੋੜਾ ਪਾਪ ਸਾਡੇ ਨਾਸ ਕਰਦੇ ਹੋ ਅਤੇ ਅਨੇਕ ਤਰੀਕਿਆਂ ਨਾਲ ਸਮਝਾਂਦੇ ਹੋ। ਅਸੀਂ ਅਗਿਆਨੀ ਹਾਂ, ਸਾਡੀ ਮਤ ਥੋੜੀ ਜੇਹੀ ਹੈ, ਤੁਸੀ ਆਪਣਾ ਸੁਭਾ ਵਰਤਦੇ ਹੋ ਭਾਵ ਮਿਹਰ ਕਰਦੇ ਹੋ। 14. ਸੁਖ ਦੇਣ ਵਾਲੇ। 15. ਤੇਰੇ ਘਰ ਦੇ ਗੁਲਾਮ ਹਾਂ।

੨੩. ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ [੧੬] ॥ ੧ ॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥
ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥ ੧ ॥ ਰਹਾਉ ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ [੧੭] ॥
ਦਾਸੀ [੧੮] ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥ ੨ ॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ [੧੯] ॥
ਲਾਗਿ ਪਰੇ ਤੇਰੇ ਦਾਨ ਸਿਉ [੨੦] ਨਹ ਚਿਤਿ ਖਸਮਾਰੇ [੨੧] ॥ ੩ ॥
ਤੁਝ ਤੇ ਬਾਹਰਿ ਕਿਛੁ ਨਹੀ ਭਵ [੨੨] ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ [੨੩] ॥ ੪ ॥ *(ਪੰਨਾ ੮੦੯)*

੨੪. ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ [੨੪] ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ [੨੫] ॥
ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ [੨੬] ॥
ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ [੨੭] ॥
ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ [੨੮] ॥ *(ਪੰਨਾ ੭੦੯)*

---

23. ਅਸੀਂ ਮੂਰਖ ਲੋਕ ਦਾਤਾਰ ਨੂੰ ਛੱਡ ਕੇ ਦਾਤ ਦੇ ਪਿਆਰ ਵਿਚ ਰੁਝੇ ਰਹਿੰਦੇ ਹਾਂ। ਦਿਆਲੂ ਗੁਰੂ ਹੀ ਇਸ ਭੁੱਲ ਤੋ ਕੱਢ ਸਕਦਾ ਹੈ।

16. ਮੂਰਖ ਹਾਂ। 17. ਅਸੀ ਹਰ ਰੋਜ ਬੇਅੰਤ ਔਗਣ ਕਰਦੇ ਹਾਂ, ਤੁਸੀਂ ਮਾਇਆ ਦੇ ਗੁਣਾਂ– ਰਜੋ, ਤਮੋ, ਸਤੋ ਤੋਂ ਰਹਿਤ ਦਾਤਾਰ ਹੋ। 18. ਟਹਿਲਣ (ਮਾਇਆ), ਹਰੀ ਨੂੰ ਛੱਡ ਕੇ ਉਸ ਦੀ ਦਾਸੀ ਮਾਇਆ ਦੀ ਸੰਗਤਿ ਕਰਨੀ, ਇਹ ਸਾਡੇ ਕਰਮ ਹਨ। 19. ਨਾ ਸ਼ੁਕਰੇ, ਕੀਤਾ

ਨਾ ਜਾਨਣ ਵਾਲੇ। 20. ਦਾਤਾਂ ਵਿਚ, ਦਾਤਿ ਪਿਆਰੀ ਵਿਸਰਿਆ ਦਾਤਾਰਾ (ਪੰਨਾ 676)। 21. ਮਾਲਕ, ਵਾਹਿਗੁਰੂ। 22. ਜਨਮ ਮਰਨ ਦੇ ਗੇੜ। 23. ਸਾਨੂੰ ਮੂਰਖਾਂ ਨੂੰ ਤਾਰ ਲਓ।

24. 24. ਤੇਰੇ ਦਰ ਉੱਤੇ ਆ ਡਿਗਾ ਹਾਂ। 25. ਬਹੁਤ ਭਟਕਦਾ ਭਟਕਦਾ ਥੱਕ ਗਿਆ ਹਾਂ। 26. ਹੇ ਹਰੀ, ਤੇਰਾ ਮੁੱਢ ਕਦੀਮਾਂ ਦਾ ਸੁਭਾ ਭਗਤੀ ਨੂੰ ਪਿਆਰ ਕਰਨ ਵਾਲਾ ਅਤੇ ਪਾਪੀਆਂ ਨੂੰ ਤਾਰਨ ਵਾਲਾ ਹੈ। 27. ਮੇਰੀ ਬੇਨਤੀ ਨੂੰ ਸਿਰੇ ਚਾੜ੍ਹ ਸਕੇ। 28. ਹੇ ਮਿਹਰਵਾਨ ! ਮੇਰਾ ਹੱਥ ਪਕੜ ਕੇ ਸੰਸਾਰ-ਸਮੁੰਦਰ ਤੋ ਬਚਾ ਲਓ।

੨੫. ਜਾਚਕੁ [੨੯] ਮੰਗੈ ਦਾਨੁ ਦੇਹਿ ਪਿਆਰਿਆ ॥
ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ [੩੦] ॥
ਨਿਖੁਟਿ ਨ ਜਾਈ ਮੂਲਿ [੩੧] ਅਤੁਲ ਭੰਡਾਰਿਆ ॥
ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ [੩੨] ॥ ੧ ॥ *(ਪੰਨਾ ੩੨੦)*

੨੩. ਤੂ ਬੇਅੰਤੁ ਕੋ ਵਿਰਲਾ [੩੩] ਜਾਣੈ ॥
ਗੁਰ ਪ੍ਰਸਾਦਿ ਕੋ ਸਬਦਿ ਪਛਾਣੈ [੩੪] ॥ ੧ ॥
ਸੇਵਕ ਕੀ ਅਰਦਾਸਿ ਪਿਆਰੇ ॥
ਜਪਿ ਜੀਵਾ [੩੫] ਪ੍ਰਭ ਚਰਣ [੩੬] ਤੁਮਾਰੇ ॥ ੧ ॥ ਰਹਾਉ ॥
ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥
ਜਿਸਹਿ ਜਨਾਵਹੁ [੩੭] ਤਿਨਹਿ [੩੮] ਤੁਮ ਜਾਤੇ [੩੯] ॥ ੨ ॥
ਸਦਾ ਸਦਾ ਜਾਈ ਬਲਿਹਾਰੀ [੪੦] ॥
ਇਤ ਉਤ [੪੧] ਦੇਖਉ ਓਟ ਤੁਮਾਰੀ ॥ ੩ ॥
ਮੋਹਿ ਨਿਰਗੁਣ ਗੁਣ ਕਿਛੂ ਨ ਜਾਤਾ ॥
ਨਾਨਕ ਸਾਧੂ ਦੇਖਿ ਮਨੁ ਰਾਤਾ [੪੨] ॥ ੪ ॥ *(ਪੰਨਾ ੫੬੨)*

੨੭. ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ [੪੩] ॥
ਨਮਸਕਾਰ ਡੰਡਉਤਿ ਬੰਦਨਾ [੪੪] ਅਨਿਕ ਬਾਰ ਜਾਉ ਬਾਰੈ [੪੫] ॥੧॥ਰਹਾਉ॥

---

25. 29. ਮੰਗਤਾ। 30. ਚੇਤੇ ਕੀਤਾ। 31. ਬਿਲਕੁਲ, ਭਾਵ ਰਤਾ ਵੀ। 32. ਹੇ ਨਾਨਕ ! ਬ੍ਰਹਮ, ਰਬ ਅਪਾਰ ਹੈ, ਇਸ ਨੇ ਮੇਰਾ ਹਰੇਕ ਕਾਰਜ ਸੰਵਾਰ ਦਿੱਤਾ ਹੈ।

26. 33. ਅਨੇਕਾਂ ਵਿਚ ਇਕ ਅੱਧ। 34. ਗੁਰਜੂ ਦੀ ਕ੍ਰਿਪਾ ਨਾਲ ਕੋਈ ਹੀ ਬਾਣੀ ਦਵਾਰਾ ਬੁੱਝਦਾ ਹੈ। 35. ਬਾਰ ਬਾਰ ਜਪ ਕੇ, ਹਿਰਦੇ ਵਿਚ ਵਸਾ ਕੇ। 36. ਸ਼ਬਦ, ਗੁਰਬਾਣੀ। 37. ਤੂੰ ਸਮਝ ਦੇਂਦਾ ਹੈ। 38. ਉਸ ਨੇ ਹੀ। 39. ਤੈਨੂੰ ਜਾਣਿਆ ਹੈ, ਤੇਰੇ ਨਾਲ ਸਾਂਝ

ਪਾਈ ਹੈ। 40. ਸਦਕੇ, ਕੁਰਬਾਨ 41. ਏਥੇ ਓਥੇ। (ਸਭ ਥਾਂਈ) ਤੇਰਾ ਆਸਰਾ ਦੇਖਦਾ ਹਾਂ। 42. ਮੈਂ ਗੁਣ ਹੀਨ ਹਾਂ, ਤੇਰਾ ਗੁਣ (ਉਪਕਾਰ) ਕੁਝ ਭੀ ਨਹੀਂ ਜਾਣਿਆ। ਸਾਧੂ (ਸਤਿਗੁਰੂ) ਨੂੰ ਮਿਲ ਕੇ ਮੇਰਾ ਮਨ (ਤੇਰੇ ਪ੍ਰੇਮ ਵਿਚ) ਰੰਗਿਆ ਗਿਆ ਹੈ।

27. 43. ਪ੍ਰਾਣਾਂ (ਜ਼ਿੰਦਗੀ) ਦਾ ਆਸਰਾ ਹੈ। 44. ਡੰਡੇ ਵਤ ਲੰਮਾ ਪੈ ਕੇ ਨਮਸਕਾਰ ਕਰਦਾ ਹਾਂ। 45. ਵਾਰਨੇ, ਬਲਿਹਾਰ।

ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ [੪੬] ॥
ਸੂਖ ਦੂਖ ਇਸੁ ਮਨ ਕੀ ਬਿਰਥਾ [੪੭] ਤੁਝ ਹੀ ਆਗੈ ਸਾਰੈ [੪੮] ॥ ੧ ॥
ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥
ਜੋ ਤੁਮ ਕਰਹੁ ਸੋਈ ਭਲ ਹਮਰੈ [੪੯] ਪੇਖਿ ਨਾਨਕ ਸੁਖ ਚਰਨਾਰੈ [੫੦] ॥ ੨ ॥

*(ਪੰਨਾ ੮੨੦)*

੨੮. ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥
ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ [੫੧] ॥ ੧ ॥
ਪ੍ਰਭ ਜੀਉ ਖਸਮਾਨਾ ਕਰਿ ਪਿਆਰੇ [੫੨] ॥
ਬੁਰੇ [੫੩] ਭਲੇ ਹਮ ਥਾਰੇ ॥ਰਹਾਉ॥
ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥
ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ [੫੪] ॥ ੨ ॥ *(ਪੰਨਾ ੬੩੧)*

੨੯. ਸ੍ਵਾਮੀ ਸਰਨਿ ਪਰਿਓ ਦਰਬਾਰੇ ॥
ਕੋਟਿ ਅਪਰਾਧ ਖੰਡਨ ਕੇ ਦਾਤੇ [੫੫]
ਤੁਝ ਬਿਨੁ ਕਉਨੁ ਉਧਾਰੇ [੫੬] ॥ ੧ ॥ ਰਹਾਉ ॥

---

27. 46. ਯਾਦ ਕਰਦਾ ਹੈ। 47. ਹਾਲਤ (ਸੁੱਖ ਦੁੱਖ) ਵਾਲੀ। 48. ਪੇਸ਼ ਕਰਦਾ ਹੈ। 49. ਸਾਡੇ ਲਈ ਚੰਗਾ ਹੈ। 50. ਹੇ ਪ੍ਰਭੂ ! ਆਪ ਦੇ ਚਰਨ ਦੇਖ ਕੇ (ਆਪ ਦੀ ਸਰਣ ਵਿਚ ਟਿਕ ਕੇ) ਸੁੱਖ ਹੁੰਦਾ ਹੈ।

28. 51 ਹੇ ਮੇਰੇ ਮਾਲਕ ! ਮੇਰੀ ਬੇਨਤੀ ਸੁਣੋ। ਸਭ ਮਨੁੱਖ ਤੇ ਜਾਨਵਰ ਤੇਰੇ ਬਣਾਏ ਹੋਏ ਹਨ। ਹੇ ਸਭ ਕੰਮਾਂ ਦੇ ਕਰਨ ਕਰਾਵਨ ਵਾਲੇ। ਆਪਣੇ ਨਾਮ ਦੀ ਇਜਤ ਰੱਖ ਲੈ, ਭਾਵ ਤੇਰਾ ਨਾਮ ਦਿਆਲੂ, ਬਖਸ਼ਿੰਦ ਹੈ, ਤੂੰ ਆਪਣਾ ਸੁਭਾ ਪਾਲ ਕੇ ਸਾਨੂੰ ਬਖਸ਼ ਲੈ।

52. ਮਾਲਕ ਵਾਲਾ ਧਰਮ ਪੂਰਾ ਕਰ। (ਮਾਲਕ ਦਾ ਧਰਮ ਹੈ, ਆਪਣੇ ਦਾਸ ਦੇ ਔਗੁਣ ਬਖਸ਼ ਕੇ ਉਸ ਦੀ ਰੱਖਿਆ ਕਰਨੀ)। 53. ਭਾਵੇ ਬੁਰੇ ਹਾਂ, ਭਾਵੇ ਚੰਗੇ ਹਾਂ, ਜੋ ਕੁਝ ਹਾਂ ਤੇਰੇ ਆਪਣੇ ਹਾਂ। 54. ਸਭ ਤਾਕਤਾਂ ਦੇ ਮਾਲਕ ਨੇ ਸਾਡੀ ਬੇਨਤੀ ਪ੍ਰਵਾਨ ਕਰ ਲਈ ਅਤੇ ਸਾਡੇ ਫਾਹੇ ਕੱਟ ਕੇ ਸਾਨੂੰ ਸਵਾਰ ਦਿੱਤਾ। ਹਰੀ ਨੇ ਆਪਣੇ ਦਾਸਾਂ ਨੂੰ ਸਿਰੋਪਾ ਪਹਿਨਾਂ ਕੇ ਆਪਣੇ ਨਾਲ ਮੇਲ ਲਿਆ ਅਤੇ ਸੰਸਾਰ ਵਿਚ ਪ੍ਰਸਿਧ ਕਰ ਦਿੱਤਾ।

29. 55. ਕਰੋੜਾ ਭੁੱਲਾਂ (ਪਾਪਾਂ) ਦੇ ਨਾਸ ਕਰਨ ਦੇ ਸਮਰੱਥ, ਹੇ ਦਾਤਾਰ। 56. ਬਚਾਏ, ਮਾਇਆ ਤੋ ਪਾਰ ਕਰੇ।

ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥
ਸਾਧਸੰਗਿ ਪਰਮ ਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ [੫੭] ॥ ੧ ॥
ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ ਸੁਰਿ ਜਨ [੫੮] ਮਿਲੇ ਪਿਆਰੇ ॥
ਨਾਨਕ ਅਨਦ ਕਰੇ ਹਰਿ ਜਪਿ ਜਪਿ ਸਗਲੇ ਰੋਗ ਨਿਵਾਰੇ ॥ ੨ ॥

*(ਪੰਨਾ ੭੧੪-੭੧੫)*

੩੦. ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ [੫੯] ਪਾਪ ਘਨੇਰੇ [੬੦] ॥
ਪਸੂ ਪਰੇਤ [੬੧] ਮੁਗਧ [੬੨] ਕਉ ਤਾਰੇ ਪਾਹਨ [੬੩] ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥ ੪ ॥

*(ਪੰਨਾ ੮੦੨)*

੩੧. ਹਮ ਮੈਲੇ ਤੁਮ ਊਜਲ [੬੪] ਕਰਤੇ ਹਮ ਨਿਰਗੁਨ ਤੂ ਦਾਤਾ ॥
ਹਮ ਮੂਰਖ ਤੁਮ ਚਤੁਰ [੬੫] ਸਿਆਣੇ ਤੂ ਸਰਬ ਕਲਾ ਕਾ ਗਿਆਤਾ [੬੬] ॥ ੧ ॥
ਮਾਧੋ ਹਮ ਐਸੇ ਤੂ ਐਸਾ [੬੭] ॥
ਹਮ ਪਾਪੀ ਤੁਮ ਪਾਪ ਖੰਡਨ ਨੀਕੋ [੬੮] ਠਾਕੁਰ ਦੇਸਾ ॥ ਰਹਾਉ ॥
ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ [੬੯] ॥
ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ [੭੦] ॥ ੨ ॥
ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ ॥

29. 57. ਮਾਇਆ (ਦੇ ਮੋਹ) ਦੇ ਬੰਧਨ ਵਿਚ ਫਸ ਕੇ ਹਾਰ ਜਾਈਦਾ ਹੈ। 58. ਗੁਰਮੁਖਿ ਸੱਜਣ।

30. 59. ਨਾਸ਼ ਹੋ ਜਾਂਦੇ ਹਨ। 60. ਬਹੁਤੇ। 61. ਜਿੰਨ, ਭੂਤ, ਬਹੁਤ ਗਿਰੇ ਹੋਏ ਜੀਵ। 62. ਮੂਰਖ। 63. ਪੱਥਰ ਦਿਲ ਬੰਦੇ।

31. 64. ਸਾਫ-ਸੁਧਰੇ, ਪਵਿੱਤਰ। 65. ਦਾਨਾ, ਸਿਆਣਾ। 66. ਤੂੰ ਸਭ ਵਿਉਤਾਂ (ਹੁਨਰਾਂ) ਦਾ ਜਾਨਣ ਵਾਲਾ ਹੈ। 67. ਲਛਮੀ ਦਾ ਮਾਲਕ, ਹਰੀ। ਹੇ ਹਰੀ। ਅਸੀਂ ਐਸੇ (ਮੈਲੇ, ਨਿਰਗੁਣ) ਹਾਂ ਅਤੇ ਤੂੰ ਐਸਾ ਪਵਿੱਤਰ, ਦਾਤਾ ਹੈ। 68. ਸੋਹਣਾ, ਚੰਗਾਂ। 69. ਤੂੰ ਸਭ ਜੀਵਾਂ ਨੂੰ ਮਿਹਰ ਕਰਕੇ ਪ੍ਰਾਨ, ਜਿੰਦ ਤੇ ਸਰੀਰ ਦੇ ਕੇ ਪੈਦਾ ਕੀਤਾ। 70. ਹੇ ਮਿਹਰਵਾਨ, ਕ੍ਰਿਪਾਲੂ।

ਤੁਮ ਸੁਖਦਾਈ ਪੁਰਖ ਬਿਧਾਤੇ [੭੧] ਤੁਮ ਰਾਖਹੁ ਅਪੁਨੇ ਬਾਲਾ [੭੨] ॥ ੩ ॥
ਤੁਮ ਨਿਧਾਨ ਅਟਲ [੭੩] ਸੁਲਿਤਾਨ ਜੀਅ ਜੰਤ ਸਭਿ ਜਾਚੈ [੭੪] ॥
ਕਹੁ ਨਾਨਕ ਹਮ ਇਹੈ ਹਵਾਲਾ [੭੫] ਰਾਖੁ ਸੰਤਨ ਕੈ ਪਾਛੈ [੭੬] ॥ ੪ ॥ *(ਪੰਨਾ ੬੧੩)*

੩੨. ਦਰਸਨੁ ਦੇਖਿ ਜੀਵਾ [੭੭] ਗੁਰ ਤੇਰਾ ॥
ਪੂਰਨ ਕਰਮੁ ਹੋਇ [੭੮] ਪ੍ਰਭ ਮੇਰਾ ॥੧॥
ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥
ਦੇਹਿ ਨਾਮੁ ਕਰਿ ਅਪਣੇ ਚੇਰੇ [੭੯] ॥ ੧ ॥ ਰਹਾਉ ॥
ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ [੮੦] ॥ ੨ ॥
ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥
ਚਰਣ ਕਮਲ ਵਸਹਿ ਮੇਰੈ ਚੀਤਾ [੮੧] ॥ ੩ ॥
ਨਾਨਕੁ ਏਕ ਕਰੈ ਅਰਦਾਸਿ ॥
ਵਿਸਰੁ ਨਾਹੀ ਪੂਰਨ ਗੁਣਤਾਸਿ [੮੨] ॥ ੪ ॥ *(ਪੰਨਾ ੭੪੧-੭੪੨)*

੩੩. ਪਾਨੀ ਪਖਾ ਪੀਸਉ ਸੰਤ ਆਗੈ [੮੩] ਗੁਣ ਗੋਵਿੰਦ ਜਸੁ ਗਾਈ ॥
ਸਾਸਿ ਸਾਸਿ ਮਨੁ ਨਾਮੁ ਸਮ੍ਾਰੈ [੮੪] ਇਹੁ ਬਿਸ੍ਰਾਮ ਨਿਧਿ [੮੫] ਪਾਈ ॥ ੧ ॥
ਤੁਮ੍ ਕਰਹੁ ਦਇਆ ਮੇਰੇ ਸਾਈ ॥
ਐਸੀ ਮਤਿ ਦੀਜੈ ਮੇਰੇ ਠਾਕੁਰ [੮੬] ਸਦਾ ਸਦਾ ਤੁਧੁ ਧਿਆਈ ॥ ੧ ॥ ਰਹਾਉ ॥
ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ [੮੭] ॥

31. 71. ਸਿਰਜਣਹਾਰ। 72. ਬੱਚਿਆਂ ਨੂੰ। 73. ਸਦਾ ਕਾਇਮ ਰਹਿਣ ਵਾਲਾ। 74. ਵੇਖਦਾ ਹੈ, ਪਾਲਦਾ ਹੈ। 75. ਹਾਲ। 76. ਸੰਤ ਜਨਾਂ ਦੇ ਆਸਰੇ ਰੱਖ ਲੈ।

32. 77. ਮੈਂ ਜਿਊ ਪੈਂਦਾ ਹਾਂ, ਮੈਨੂੰ ਆਤਮਕ ਜੀਵਨ ਮਿਲ ਜਾਂਦਾ ਹੈ। 78. ਭਾਗ ਪੂਰੇ ਹੋਣ। 79. ਸੇਵਕ। 80. ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਮਨੁੱਖ ਨੇ ਡੂੰਘੀ ਸਾਂਝ ਪਾਈ ਹੈ। 81. ਚਿਤ ਵਿਚ। 82. ਗੁਣਾਂ ਦੇ ਖਜਾਨੇ।

33. 83. ਸੰਤਾਂ ਦੀ ਸੇਵਾ / ਸੰਗਤਿ ਵਿਚ। 84. ਯਾਦ ਕਰਦਾ ਰਹੇ। 85. ਟਿਕਣ, ਟਿਕਾਓ ਦਾ ਖਜਾਨਾ। 86. ਮਾਲਕ, ਸੁਆਮੀ। 87. ਭਟਕਣਾ, ਭਰਮ, ਅਗਿਆਨ।

ਅਨਦ ਰੂਪੁ ਰਵਿਓ ਸਭ ਮਧੇ ਜਤ ਕਤ ਪੇਖਉ ਜਾਈ [੮੮] ॥ ੨ ॥
ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ ਪਤਿਤ ਪਾਵਨ ਗੋਸਾਈ [੮੯] ॥
ਕੋਟਿ [੯੦] ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ ਬੁਲਾਈ [੯੧] ॥ ੩ ॥
ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥
ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ [੯੨] ॥ ੪ ॥ *(ਪੰਨਾ ੬੭੩)*

੩੪. ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥ ੧ ॥ ਰਹਾਉ ॥
ਪੰਚ ਬਿਖਾਦੀ ਏਕੁ ਗਰੀਬਾ [੯੩] ਰਾਖਹੁ ਰਾਖਨਹਾਰੇ ॥
ਖੇਦੁ ਕਰਹਿ [੯੪] ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥ ੧ ॥
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥
ਏਕ ਬਾਤ ਸੁਨਿ ਤਾਕੀ ਓਟਾ [੯੫] ਸਾਧਸੰਗਿ ਮਿਟਿ ਜਾਹੀ ॥ ੨ ॥
ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥
ਸੰਤੀ ਮੰਤੁ ਦੀਓ ਮੋਹਿ ਨਿਰਭਉ [੯੬] ਗੁਰ ਕਾ ਸਬਦੁ ਕਮਾਇਆ ॥ ੩ ॥
ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ [੯੭] ॥
ਕਹੁ ਨਾਨਕ ਮਨਿ ਭਇਆ ਪਰਗਾਸਾ [੯੮] ਪਾਇਆ ਪਦੁ ਨਿਰਬਾਣੀ [੯੯] ॥੪॥

*(ਪੰਨਾ ੨੦੫-੨੦੬)*

੩੫. ਤੁਮ੍ ਸਮਰਥਾ ਕਾਰਨ ਕਰਨ [੧੦੦] ॥

33. 88. ਅਨੰਦ ਰੂਪ ਹਰੀ, ਮੈਨੂੰ ਸਭ ਜਗ੍ਹਾ ਵਿਆਪਕ ਦਿਸਦਾ ਹੈ, ਜਿਥੇ ਕਿਥੇ ਵੀ ਮੈ ਦੇਖਦਾ ਹਾਂ। 89. ਡਿੱਗਿਆਂ ਹੋਇਆ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ, ਪ੍ਰਿਥਵੀ ਦਾ ਮਾਲਕ। 90. ਕ੍ਰੋੜਾਂ। 91. ਛਿਨ ਭਰ ਭੀ, ਇਕ ਵਾਰੀ ਵੀ ਨਾਮ ਕਹਿਣ ਨਾਲ। 92. ਪੂਰਨ ਤੌਰ ਤੇ ਰੱਜ ਗਿਆ ਹੈ।

34. 93. ਕਾਮਾਦਿਕ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਝਗੜਾਲੂ ਪੰਜ ਹਨ, ਤੇ ਮੈ ਗਰੀਬ ਇੱਕਲਾ ਹਾਂ। 94. ਦੁਖ ਦੇਂਦੇ ਹਨ। 95. ਉਸ ਗਲ ਦੀ ਓਟ ਹੈ। 96. ਉਪਦੇਸ਼, ਸੰਤਾਂ ਨੇ ਮੈਨੂੰ ਨਿਰਭਉ ਰਬ, ਨਾਮ (ਜਪਣ) ਦਾ ਉਪਦੇਸ਼ ਦਿੱਤਾ। 97. ਆਤਮਕ ਅਡੋਲਤਾ ਤੇ ਸੁਖ ਦੇਣ ਵਾਲੀ ਗੁਰੂ ਬਾਣੀ ਨਾਲ, 98. ਚਾਨਣਾ। 99. ਨਿਰਬਾਣ ਪਦ, ਦੁਖਾਂ ਕਲੇਸ਼ਾਂ ਤੋਂ ਰਹਿਤ ਹੋ ਜਾਣਾ, ਨਿਰਲੇਪ ਅਵਸਥਾ।

35. 100. ਜਗਤ ਦਾ ਰਚਨਹਾਰ।

ਢਾਕਨ ਢਾਕਿ ਗੋਬਿਦ ਗੁਰ ਮੇਰੇ
ਮੋਹਿ ਅਪਰਾਧੀ ਸਰਨ ਚਰਨ [੧] ॥ ੧ ॥ ਰਹਾਉ ॥
ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ [੨] ਠਉਰ ਨਾਹੀ ਕਛੁ ਢੀਠ ਮੁਕਰਨ [੩] ॥
ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ [੪] ॥ ੧ ॥
ਹਮਰੋ ਸਹਾਉ [੫] ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ [੬] ॥
ਕਰੁਣਾ ਮੈ [੭] ਕਿਰਪਾਲ ਕ੍ਰਿਪਾ ਨਿਧਿ [੮]
ਜੀਵਨ ਪਦ ਨਾਨਕ ਹਰਿ ਦਰਸਨ [੯] ॥ ੨ ॥ *(ਪੰਨਾ ੮੨੮)*

੩੬. ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ [੧੦] ॥
ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ [੧੧] ॥ ੧ ॥
ਤੁਮਰੀ ਓਟ ਤੁਮਾਰੀ ਆਸਾ ॥
ਬੈਠਤ ਊਠਤ ਸੋਵਤ ਜਾਗਤ
ਵਿਸਰੁ ਨਾਹੀ ਤੂੰ ਸਾਸ ਗਿਰਾਸਾ [੧੨] ॥ ੧ ॥ ਰਹਾਉ ॥
ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ [੧੩] ॥
ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ [੧੪] ॥ ੨ ॥ *(ਪੰਨਾ ੩੭੮)*

੩੭. ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ [੧੫] ਤੂੰ ਮੇਰਾ ਭ੍ਰਾਤਾ ॥

---

35. 1. ਮੇਰੇ ਪਰਦੇ ਢੱਕੋ, ਹੇ ਗੁਰੂ ਸੁਆਮੀ ਜੀ ! ਮੈਂ ਪਾਪੀ ਨੇ ਤੁਹਾਡੇ ਚਰਨਾਂ ਦੀ ਓਟ ਲਈ ਹੈ। 2. ਵੇਖਿਆ ਹੈ। 3. ਮੈਨੂੰ ਢੀਠ ਨੂੰ ਮੁੱਕਰਨ ਦੀ ਕੋਈ ਗੁੰਜਾਇਸ਼ ਨਹੀਂ। 4. ਤੇਰਾ

ਨਾਮ ਕ੍ਰੋੜਾਂ ਪਾਪ ਦੂਰ ਕਰ ਸਕਦਾ ਹੈ। 5. ਸੁਭਾਉ। 6. ਤੇਰਾ ਮੁੱਢ-ਕਦੀਮਾਂ ਦਾ ਸੁਭਾਓ ਹੈ-ਡਿਗਿਆਂ ਨੂੰ ਪਾਰ ਕਰਨਾ। 7. ਦਇਆ ਸਰੂਪ। 8. ਕ੍ਰਿਪਾ ਦਾ ਭੰਡਾਰ। 9. ਨਾਨਕ ਨੂੰ ਜੀਵਨ ਪਦਵੀ ਇਹ ਬਖਸ਼ੋ ਕਿ ਤੇਰੇ ਦਰਸ਼ਨ ਹੋ ਜਾਣ।

36. 10. ਵਿਚ। 11. ਹੇ ਮੇਰੀ ਜਿੰਦੇ ! ਤੂੰ ਕਿਉਂ ਡਰਦੀ ਹੈ? 12. ਖਾਂਦਿਆਂ ਪੀਦਿਆਂ ਤੇ ਸੁਆਸ ਲੈਂਦਿਆਂ, ਭਾਵ ਸਦਾ। 13. ਡਰਾਉਣਾ। 14. ਹੇ ਗੋਪਾਲ ! ਅਸੀ ਤੇਰੇ ਬਾਲਕ ਹਾਂ।

37. 15. ਰਿਸ਼ਤੇਦਾਰ।

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ [੧੬] ਜੀਉ ॥ ੧ ॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥
ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ [੧੭] ਜੀਉ ॥ ੨ ॥
ਜੀਅ ਜੰਤ ਸਭਿ ਤੁਧੁ ਉਪਾਏ [੧੮] ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ [੧੯] ਜੀਉ ॥ ੩ ॥
ਨਾਮੁ ਧਿਆਇ ਮਹਾ ਸੁਖੁ ਪਾਇਆ ॥
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ [੨੦] ॥
ਗੁਰਿ ਪੂਰੈ ਵਜੀ ਵਾਧਾਈ [੨੧] ਨਾਨਕ ਜਿਤਾ ਬਿਖਾੜਾ [੨੨] ਜੀਉ ॥ ੪ ॥

*(ਪੰਨਾ ੧੦੩)*

੩੮. ਪ੍ਰਭ ਇਹੈ ਮਨੋਰਥੁ [੨੩] ਮੇਰਾ ॥
ਕ੍ਰਿਪਾ ਨਿਧਾਨ [੨੪] ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ ॥ ਰਹਾਉ ॥
ਪ੍ਰਾਤਹਕਾਲ [੨੫] ਲਾਗਉ ਜਨ ਚਰਨੀ ਨਿਸ [੨੬] ਬਾਸੁਰ [੨੭] ਦਰਸੁ ਪਾਵਉ ॥
ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥ ੧ ॥
ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤਸੰਗਿ ਨਿਤ ਰਹੀਐ ॥
ਏਕੁ ਅਧਾਰੁ [੨੮] ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥ ੨ ॥ *(ਪੰਨਾ ੫੩੩)*

੩੯. ਉਕਤਿ [੨੯] ਸਿਆਨਪ ਕਿਛੂ ਨ ਜਾਨਾ ॥
ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥ ੧ ॥
ਮੈ ਨਿਰਗੁਨ ਗੁਣੁ ਨਾਹੀ ਕੋਇ ॥

37. 16. ਅੰਦੇਸ਼ਾਂ, ਚਿੰਤਾਂ। 17. ਖੇਡਣ ਦੀ ਥਾਂ, ਸੰਸਾਰ। 18. ਪੈਦਾ ਕੀਤੇ। 19. ਅਸਾਡਾ। 20. ਠੰਢਾ ਹੋ ਗਿਆ। 21. ਪਜ਼ੂਰੇ ਗੁਰੂ ਦੀ ਰਾਹੀ ਪਰਗਟ ਹੋਈ ਹੈ, ਵਧਾਈ। 22. ਬਿਖਮ ਅਖਾੜਾ, ਸੰਸਾਰ।

38. 23. ਇੱਛਾ, ਰੀਝ। 24. ਹੇ ਕਿਰਪਾ ਦੇ ਭੰਡਾਰ। 25. ਸਵੇਰ ਵੇਲੇ। 26. ਰਾਤ। 27. ਦਿਨ। 28. ਆਸਰਾ।

39. 29. ਦਲੀਲ, ਕਥਨ।

ਕਰਨ ਕਰਾਵਨਹਾਰ ਪ੍ਰਭ ਸੋਇ ॥ ੧ ॥ ਰਹਾਉ ॥
ਮੂਰਖ ਮੁਗਧ ਅਗਿਆਨ ਅਵੀਚਾਰੀ [੩੦] ॥
ਨਾਮ ਤੇਰੇ ਕੀ ਆਸ ਮਨਿ ਧਾਰੀ ॥ ੨ ॥
ਜਪੁ ਤਪੁ ਸੰਜਮੁ ਕਰਮ ਨ ਸਾਧਾ [੩੧] ॥
ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥ ੩ ॥
ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥
ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥ ੪ ॥ *(ਪੰਨਾ ੩੮੭-੩੮੮)*

੪੦. ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ [੩੨] ॥
ਤੁਠਾ [੩੩] ਸਚਾ ਪਾਤਿਸਾਹੁ ਤਾਪੁ [੩੪] ਗਇਆ ਸੰਸਾਰਾ ॥ ੧ ॥
ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥ ੧ ॥ ਰਹਾਉ ॥
ਸਚੁ ਤੇਰੀ ਸਾਮਗਰੀ [੩੫] ਸਚੁ ਤੇਰਾ ਦਰਬਾਰਾ ॥
ਸਚੁ ਤੇਰੇ ਖਾਜੀਨਿਆ [੩੬] ਸਚੁ ਤੇਰਾ ਪਾਸਾਰਾ ॥ ੨ ॥
ਤੇਰਾ ਰੂਪੁ [੩੭] ਅਗੰਮੁ ਹੈ ਅਨੂਪੁ [੩੮] ਤੇਰਾ ਦਰਸਾਰਾ ॥
ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ ॥ ੩ ॥
ਸਭੇ ਇਛਾ ਪੂਰੀਆ ਜਾ ਪਾਇਆ ਅਗਮ [੩੯] ਅਪਾਰਾ ॥
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥ ੪ ॥ *(ਪੰਨਾ ੭੪੬-੭੪੭)*

੪੧. ਸਭਿ ਅਵਗਣ ਮੈ ਗੁਣੁ ਨਹੀ ਕੋਈ ॥
ਕਿਉ ਕਰਿ ਕੰਤ [੪੦] ਮਿਲਾਵਾ ਹੋਈ ॥ ੧ ॥

---

39. 30. ਅਗਿਆਨੀ। 31. ਕੀਤਾ।

40. 32. ਆਸਰਾ। 33. ਕਿਰਪਾਲ ਹੋਇਆ। 34. ਮੋਹ ਰੂਪੀ ਤਾਪ। 35. ਮਾਦਾ (Matter), ਪ੍ਰਬੰਧ ਚਲਾਉਣ ਲਈ ਜੋ ਸਾਧਨ ਹਨ। 36. ਖਜਾਨੇ, ਭੰਡਾਰੇ। 37. ਹੋਂਦ। 38. ਅਦੁੱਤੀ, ਉਪਮਾ-ਰਹਿਤ, ਬੇਮਿਸਾਲ। 39. (ਮਨ ਬੁਧੀ ਦੀ) ਪਹੁੰਚ ਤੋਂ ਪਰੇ।

41. 40. ਮਾਲਕ, ਖਸਮ।

ਨਾ ਮੈ ਰੂਪੁ ਨ ਬੰਕੇ ਨੈਣਾ ॥
ਨਾ ਕੁਲ [੪੧] ਢੰਗੁ ਨ ਮੀਠੇ ਬੈਣਾ ॥ ੧ ॥ ਰਹਾਉ ॥
ਸਹਜਿ [੪੨] ਸੀਗਾਰ ਕਾਮਣਿ ਕਰਿ ਆਵੈ ॥
ਤਾ ਸੋਹਾਗਣਿ ਜਾ ਕੰਤੈ ਭਾਵੈ ॥ ੨ ॥
ਨਾ ਤਿਸੁ ਰੂਪੁ ਨ ਰੇਖਿਆ ਕਾਈ ॥
ਅੰਤਿ ਨ ਸਾਹਿਬੁ ਸਿਮਰਿਆ ਜਾਈ ॥ ੩ ॥
ਸੁਰਤਿ ਮਤਿ ਨਾਹੀ ਚਤੁਰਾਈ ॥
ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥ ੪ ॥
ਖਰੀ ਸਿਆਣੀ ਕੰਤ ਨ ਭਾਣੀ ॥
ਮਾਇਆ ਲਾਗੀ ਭਰਮਿ [੪੩] ਭੁਲਾਣੀ ॥ ੫ ॥
ਹਉਮੈ ਜਾਈ ਤਾ ਕੰਤ ਸਮਾਈ ॥
ਤਉ ਕਾਮਣਿ ਪਿਆਰੇ ਨਵ ਨਿਧਿ [੪੪] ਪਾਈ ॥ ੬ ॥
ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥
ਕਰੁ ਗਹਿ ਲੇਹੁ [੪੫] ਪ੍ਰੀਤਮ ਪ੍ਰਭ ਰਾਇਆ ॥ ੭ ॥
ਭਣਤਿ ਨਾਨਕੁ ਸਹੁ ਹੈ ਭੀ ਹੋਸੀ [੪੬] ॥
ਜੈ ਭਾਵੈ ਪਿਆਰਾ ਤੈ ਰਾਵੇਸੀ ॥ ੮ ॥ *(ਪੰਨਾ ੭੫੦)*

੪੨. ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥
ਉਰਿ [੪੭] ਲਾਗਹੁ ਸੁਆਮੀ ਪ੍ਰਭ ਮੇਰੇ

ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥ ੧ ॥ ਰਹਾਉ ॥

ਪਤਿਤ ਪਾਵਨ [੪੮] ਪ੍ਰਭ ਬਿਰਦੁ [੪੯] ਤੁਮ੍ਰੋ ਹਮਰੇ ਦੋਖ [੫੦] ਰਿਦੈ ਮਤ ਧਾਰਹੁ ॥

---

41. 41. ਖਾਨਦਾਨ। 42. ਆਤਮਿਕ ਅਡੋਲਤਾ। 43. ਭੁਲੇਖੇ ਵਿਚ। 44. ਨੌ ਭੰਡਾਰਾਂ ਵਾਲਾ, ਸਭ ਕੁਛ ਦਾ ਮਾਲਕ, ਵਾਹਿਗੁਰੂ। 45. ਹੱਥ ਫੜ ਕੇ ਬਚਾਓ। 46. ਕਹਿੰਦਾ ਹੈ ਨਾਨਕ ਕਿ ਮਾਲਕ ਹੈ, ਪਹਿਲਾਂ ਸੀ ਤੇ ਅੱਗੇ ਰਹੇਗਾ।

42. 47. ਹਿਰਦੇ ਨਾਲ। 48. ਪਾਪੀਆਂ ਨੂੰ ਪਵਿੱਤਰ ਕਰਨ ਵਾਲਾ। 49. ਸੁਭਾਉ। 50. ਪਾਪ, ਦੋਸ਼।

ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ

ਹਉਮੈ ਪਟਲੁ [੫੧] ਕ੍ਰਿਪਾ ਕਰਿ ਜਾਰਹੁ [੫੨] ॥ ੧ ॥

ਜਲ ਬਿਹੂਨ [੫੩] ਮੀਨ [੫੪] ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ [੫੫] ॥

ਜਨ ਨਾਨਕ ਪਿਆਸ ਚਰਨ ਕਮਲਨ੍ਹ ਕੀ

ਪੇਖਿ ਦਰਸੁ ਸੁਆਮੀ ਸੁਖ ਸਾਰੋ ॥ ੨ ॥ *(ਪੰਨਾ ੮੨੯)*

੪੩. ਸਤਿਗੁਰ ਆਇਓ ਸਰਣਿ ਤੁਹਾਰੀ ॥

ਮਿਲੈ ਸੂਖੁ [੫੬] ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥

ਅਵਰ ਨ ਸੂਝੈ ਦੂਜੀ ਠਾਹਰ [੫੭] ਹਾਰਿ ਪਰਿਓ ਤਉ ਦੁਆਰੀ [੫੮] ॥

ਲੇਖਾ ਛੋਡਿ ਅਲੇਖੈ [੫੯] ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥ ੧ ॥

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ [੬੦] ॥

ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥ ੨ ॥ *(ਪੰਨਾ ੭੧੩)*

੪੪. ਕ੍ਰਿਪਾ ਨਿਧਿ [੬੧] ਬਸਹੁ ਰਿਦੈ ਹਰਿ ਨੀਤ [੬੨] ॥

ਤੈਸੀ ਬੁਧਿ ਕਰਹੁ ਪਰਗਾਸਾ [੬੩] ਲਾਗੈ ਪ੍ਰਭ ਸੰਗਿ ਪ੍ਰੀਤਿ ॥ ਰਹਾਉ ॥

ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥

ਮਹਾ ਪਤਿਤ [੬੪] ਤੇ ਹੋਤ ਪੁਨੀਤਾ [੬੫] ਹਰਿ ਕੀਰਤਨ ਗੁਨ ਗਾਵਉ ॥ ੧ ॥

ਆਗਿਆ [੬੬] ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ [੬੭] ਆਨ ਨ ਕਤਹੂ ਧਾਵਉ [੬੮] ॥ ੨ ॥

42. 51. ਪੜਦਾ। 52. ਸਾੜ ਦਿਉ। 53. ਬਿਨਾ, ਬਗੈਰ। 54. ਮਛਲੀ। 55. ਬੱਚਾ, ਬਾਲਕ।

43. 56. ਦਾਨ। 57. ਟਿਕਾਣਾ। 58. ਦੁਆਰੇ ਤੇ। 59. ਬਿਨਾ ਹਿਸਾਬ। 60. ਆਸਰਾ (ਰੋਜ਼ੀ)।

44. 61. ਹੇ ਕਿਰਪਾ ਦੇ ਭੰਡਾਰ, 62. ਹਰ ਵੇਲੇ, ਸਦਾ ਸਦਾ। 62. ਪ੍ਰਗਟ ਕਰੋ। 64. ਪਾਪੀ। 65. ਪਵਿੱਤਰ। 66. ਹੁਕਮ। 67. ਰਜ ਜਾਵੇ। 68. ਦੌੜੇ ਭਜੇ।

ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥
ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ ੩ ॥
ਸਦਾ ਸਦਾ ਹਮ ਛੋਹਰੇ [੬੯] ਤੁਮਰੇ ਤੂ ਪ੍ਰਭ ਹਮਰੋ ਮੀਰਾ [੭੦] ॥
ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ [੭੧] ॥ ੪ ॥

*(ਪੰਨਾ ੭੧੨-੭੧੩)*

੪੫. ਜਾਚਕ [੭੨] ਜਨੁ ਜਾਚੈ ਪ੍ਰਭ ਦਾਨੁ ॥
ਕਰਿ ਕਿਰਪਾ ਦੇਵਹੁ ਹਰਿ ਨਾਮੁ ॥
ਸਾਧ ਜਨਾ ਕੀ ਮਾਗਉ ਧੂਰਿ ॥
ਪਾਰਬ੍ਰਹਮੁ ਮੇਰੀ ਸਰਧਾ ਪੂਰਿ ॥
ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥
ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥
ਚਰਨ [੭੩] ਕਮਲ ਸਿਉ ਲਾਗੈ ਪ੍ਰੀਤਿ ॥
ਭਗਤਿ ਕਰਉ ਪ੍ਰਭ ਕੀ ਨਿਤ [੭੪] ਨੀਤਿ ॥ ਏਕ ਓਟ ਏਕੋ ਆਧਾਰੁ ॥
ਨਾਨਕੁ ਮਾਗੈ ਨਾਮੁ ਪ੍ਰਭ ਸਾਰੁ [੭੫] ॥ *(ਪੰਨਾ ੨੮੯)*

੪੬. ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ [੭੬] ॥
ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮ ਕੰਕਰ [੭੮] ਮਾਰਿ ਬਿਦਾਰੇ [੭੯] ॥ ੧ ॥
ਮੇਰੇ ਠਾਕੁਰ ਕੇਤੇ ਅਗਨਤ ਉਧਾਰੇ ॥

ਮੋਹਿ ਦੀਨ [੮੦] ਅਲਪ [੮੧] ਮਤਿ ਨਿਰਗੁਣ ਪਰਿਓ ਸਰਣਿ ਦੁਆਰੇ ॥ ੧ ॥ ਰਹਾਉ ॥

---

44. 69. ਬਾਲਕ, ਬੱਚੇ। 70. ਮਾਲਕ। 71. ਦੁੱਧ।

45. 72. ਮੰਗਤਾ। 73. ਸ਼ਬਦ, ਗੁਰਬਾਣੀ ਜੋ ਮਾਇਆ ਤੋ ਨਿਰਲੇਪ ਹੈ। 74. ਸਦਾ ਸਦਾ।
75. (ਇੱਛਾ) ਪੂਰੀ ਕਰ ਦੇ, ਭਾਵ ਨਾਮ ਬਖਸ਼ ਦੇ।

46. 76. ਅਮਰ ਅਟਾਰੀ (ਉੱਚੀ ਮਾੜੀ, ਮਹਿਲ) ਭਾਵ ਅਮਰ ਪਦਵੀ ਤੇ (ਪੁੱਜ ਗਿਆ)।
77. ਮੋਹ, ਪਿਆਰ ਵਿਚ। 78. ਦੁਖਦਾਇਕ ਜਮਦੂਤ। 79. ਮਾਰ ਕੇ ਦੂਰ ਕੀਤੇ।
80. ਦੁਖੀਆਂ। 81. ਥੋੜ੍ਹੀ ਮਤ ਵਾਲਾ।

ਬਾਲਮੀਕੁ ਸੁਪਚਾਰੋ [੮੨] ਤਰਿਓ ਬਧਿਕ ਤਰੇ ਬਿਚਾਰੇ [੮੩] ॥
ਏਕ ਨਿਮਖ ਮਨ ਮਾਹਿ ਅਰਾਧਿਓ [੮੪] ਗਜਪਤਿ ਪਾਰਿ ਉਤਾਰੇ ॥ ੨ ॥
ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ [੮੫] ॥
ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ ॥ ੩ ॥
ਕਵਨ ਪਰਾਧ [੮੬] ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ [੮੭] ॥
ਆਇਓ ਸਾਮ [੮੮] ਨਾਨਕ ਓਟ ਹਰਿ ਕੀ ਲੀਜੈ ਭੁਜਾ [੮੯] ਪਸਾਰੇ ॥ ੪ ॥

*(ਪੰਨਾ ੯੯੯)*

੪੭. ਖੀਰ [੯੦] ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ ॥
ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ [੯੧] ਤਬ ਓਹੁ ਤ੍ਰਿਪਤਿ ਅਘਾਈ ॥ ੧ ॥
ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥ ਭੂਲਹਿ ਬਾਰਿਕ ਅਨਿਕ ਲਖ ਬਰੀਆ
ਅਨ ਠਉਰ [੯੨] ਨਾਹੀ ਜਹ ਜਾਤਾ ॥ ੧ ॥ ਰਹਾਉ ॥
ਚੰਚਲ [੯੩] ਮਤਿ ਬਾਰਿਕ ਬਪੁਰੇ [੫੪] ਕੀ ਸਰਪ ਅਗਨਿ ਕਰ [੯੫] ਮੇਲੈ ॥
ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥ ੨ ॥
ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥
ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ [੯੬] ਸੋ ਲੈਸੀ ॥ ੩ ॥
ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥
ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ ਮੋਹਿ ਹ੍ਰਿਦੈ ਬਸਹਿ ਨਿਤ ਚਰਨਾ [੯੭] ॥ ੪ ॥

*(ਪੰਨਾ ੧੨੬੬)*

46. 82. ਚੰਡਾਲ, ਕੁੱਤੇ ਖਾਣ ਵਾਲਾ। 83. ਵਿਚਾਰ ਕਰਕੇ। 84. ਚੇਤਾ ਕੀਤਾ। 85. ਨੌਹਾਂ ਨਾਲ ਪਾੜ ਦਿੱਤਾ। 86. ਦੋਸ਼, ਪਾਪ। 87. ਝੂਠੇ (ਝੂਠੀ ਮਾਇਆ, ਰਚਨਾ ਦੇ) ਮੋਹ ਵਿਚ ਮਸਤ ਹਾਂ। 88. ਸ਼ਰਨ। 89. ਬਾਂਹ।

47. 90. ਦੁੱਧ। 91. ਪਾਉਂਦੀ ਹੈ। 92. ਟਿਕਾਣਾ। 93. ਥੋੜੀ, ਤੁਛ। 94. ਵਿਚਾਰੇ ਦੀ। 95. ਹੱਥ। 96. ਇਛੇ। 97. ਸ਼ਬਦ, ਗੁਰਬਾਣੀ।

੪੮. ਕੋਟਿ ਕੋਟੀ[੯੮] ਮੇਰੀ ਆਰਜਾ[੯੯] ਪਵਣੁ ਪੀਅਣੁ ਅਪਿਆਉ[੧੦੦] ॥
ਚੰਦੁ ਸੂਰਜੁ ਦੁਇ ਗੁਫੈ[੧] ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥
ਸਾਚਾ ਨਿਰੰਕਾਰੁ ਨਿਜ[੨] ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ[੩] ॥ ੧ ॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ[੪] ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ[੫] ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੨ ॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ[੬] ਤੋਟਿ ਨ ਆਵਈ ਲੇਖਣਿ[੭] ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੪ ॥ *(ਪੰਨਾ ੧੪-੧੫)*

੪੯. ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥
ਦਾਸ ਤੇਰੇ ਕੀ ਨਿਰਮਲ[੮] ਰੀਤਿ ॥ ੧ ॥ ਰਹਾਉ ॥
ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥
ਹਉਮੈ ਬੰਧੁ[੯] ਹਰਿ ਦੇਵਣਹਾਰਾ ॥ ੧ ॥
ਚਰਨ ਕਮਲ[੧੦] ਸਿਉ ਲਾਗਉ ਨੇਹੁ ॥

ਨਾਨਕ ਕੀ ਬੇਨੰਤੀ ਏਹ ॥ ੨ ॥ *(ਪੰਨਾ ੬੮੪)*

---

48. 98. ਕ੍ਰੋੜਾਂ ਹੀ ਕ੍ਰੋੜਾਂ। 99. ਉਮਰ। 100. ਪੀਣਾ ਤੇ ਖਾਣਾ। 1. ਕੰਦਰ, ਗੁਫਾ ਵਿਚ। 2. ਆਪਣੇ। 3. ਤਾਂ ਮਿਹਰ (ਕਰਦਾ ਹੈ)। 4. ਸਰੀਰ ਕਟ ਕਟ ਕੀਮਾ ਕਰ ਲਵਾਂ ਤੇ ਚੱਕੀ ਵਿਚ ਪਾ ਕੇ ਪੀਸ ਲਵਾਂ। 5. ਅੱਗ ਨਾਲ ਸੜ ਕੇ ਸੁਆਹ ਹੋ ਜਾਵਾਂ। 6. ਸਿਆਹੀ। 7. ਕਲਮ ਹਵਾ ਵਾਂਗ ਚਲਦੀ ਰਹੇ।
49. 8. (ਹਉਮੈ ਦੀ) ਮੈਲ ਤੋਂ ਰਹਿਤ। 9. ਠੱਲ, ਰੋਕ। 10. ਮਾਇਆ ਤੋ ਨਿਰਲੇਪ ਤੇਰੇ ਚਰਨ, ਸ਼ਬਦ।

੫੦. ਦਾਸ ਤੇਰੇ ਕੀ ਬੇਨਤੀ ਰਿਦ [੧੧] ਕਰਿ ਪਰਗਾਸੁ [੧੨] ॥
ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ [੧੩] ਕੋ ਨਾਸੁ ॥ ੧ ॥
ਚਰਨ ਕਮਲ ਕਾ ਆਸਰਾ ਪ੍ਰਭ ਪੁਰਖ [੧੪] ਗੁਣਤਾਸੁ [੧੫] ॥
ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥ ੧ ॥ ਰਹਾਉ ॥
ਮਾਤ ਪਿਤਾ ਬੰਧਪ [੧੬] ਤੂਹੈ ਤੂ ਸਰਬ ਨਿਵਾਸੁ ॥
ਨਾਨਕ ਪ੍ਰਭ ਸਰਣਾਗਤੀ ਜਾ ਕੋ ਨਿਰਮਲ ਜਾਸੁ [੧੭] ॥ ੨ ॥

*(ਪੰਨਾ ੮੧੮)*

੫੧. ਧਾਰਿ ਅਨੁਗ੍ਰਹੁ [੧੮] ਸੁਆਮੀ ਮੇਰੇ ਦੁਤੀਆ ਭਾਉ ਨਿਵਾਰਿ [੧੯] ॥
ਬੰਧਨ ਕਾਟਿ ਲੇਹੁ ਅਪੁਨੇ ਕਰਿ ਕਬਹੂ ਨ ਆਵਹ ਹਾਰਿ ॥ ੧ ॥
ਤੇਰੀ ਸਰਨਿ ਪਇਆ ਹਉ ਜੀਵਾਂ ਤੂੰ ਸੰਮ੍ਰਥੁ [੨੦] ਪੁਰਖੁ [੨੧] ਮਿਹਰਵਾਨੁ ॥
ਆਠ ਪਹਰ ਪ੍ਰਭ ਕਉ ਆਰਾਧੀ ਨਾਨਕ ਸਦ ਕੁਰਬਾਨੁ ॥ ੨ ॥ *(ਪੰਨਾ ੬੭੫)*

੫੨. ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ [੨੨] ॥
ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥ ੨੧ ॥
ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ੨੨ ॥ *(ਪੰਨਾ ੭੨੬)*

## ੫੩. ਸਤਿਗੁਰ ਭੀਖਿਆ [੨੩] ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥

50. 11. ਹਿਰਦਾ। 12. ਚਾਨਣ, ਗਿਆਨ (ਨਾਮ, ਜੋਤਿ) ਦਾ। 13. ਦੋਸ਼, ਪਾਪ 14. ਸਮਰਥ।
15. ਗੁਣਾਂ ਦੇ ਸਮੁੰਦਰ। 16. ਰਿਸ਼ਤੇਦਾਰ। 17. ਸੋਭਾ, ਸਿਫਤ।
51. 18. ਕਿਰਪਾ ਧਾਰੋ। 19. ਦੈਂਤ ਭਾਵ ਦੂਜੇ ਦਾ ਭਾਵ, ਮਾਇਆ ਦਾ ਧਿਆਨ ਦੂਰ ਕਰੋ।
20. ਸਰਬ ਸ਼ਕਤੀ ਮਾਨ। 21. ਸਰਬ-ਵਿਆਪਕ।
52. 22. ਮਾਲਕ।
53. 23. ਖੈਰ, ਦਾਨ

ਹਉਮੈ ਗਰਬੁ ਨਿਵਾਰੀਐ [੨੪] ਕਾਮੁ ਕ੍ਰੋਧੁ ਅਹੰਕਾਰੁ ॥
ਲਬੁ ਲੋਭੁ ਪਰਜਾਲੀਐ [੨੫] ਨਾਮੁ ਮਿਲੈ ਆਧਾਰੁ ॥
ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ ॥
ਨਾਨਕ ਇਹ ਬਿਧਿ [੨੬] ਛੁਟੀਐ [੨੭] ਨਦਰਿ ਤੇਰੀ ਸੁਖੁ ਹੋਇ ॥

*(ਪੰਨਾ ੭੯੦)*

੫੪. ਹਮ ਭੀਖਕ [੨੮] ਭੇਖਾਰੀ ਤੇਰੇ ਤੂ ਨਿਜ ਪਤਿ [੨੯] ਹੈ ਦਾਤਾ ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ [੩੦] ਰਾਤਾ ॥ ੧ ॥
ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥
ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥ ੧ ॥ ਰਹਾਉ ॥
ਬਹੁਤੇ ਫੇਰ ਪਏ ਕਿਰਪਨ [੩੧] ਕਉ ਅਬ ਕਿਛੁ ਕਿਰਪਾ ਕੀਜੈ ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ ੨ ॥

*(ਪੰਨਾ ੬੬੬)*

੫੫. ਵਿਸਰੁ ਨਾਹੀ ਦਾਤਾਰ [੩੨] ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ *(ਪੰਨਾ ੭੬੨)*

੫੬. ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ [੩੩] ॥
ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥ *(ਪੰਨਾ ੭੫੨)*

53. 24. ਦੂਰ ਕਰ ਦਿਉ। 25. ਚੰਗੀ ਤਰ੍ਹਾਂ ਸਾੜ ਦਿਉ। 26. ਤਰੀਕੇ ਨਾਲ। 27. ਛੁਟਕਾਰਾ ਹੁੰਦਾ ਹੈ।

54. 28. ਮੰਗਤੇ। 29. ਸੈਭੰ, ਆਪਣਾ ਮਾਲਕ ਆਪ ਹੀ ਹੈ। 30. ਪਿਆਰ ਵਿਚ। 31. ਕਿਰਪਾ ਦੀ ਜਾਚਨਾ ਕਰਨ ਵਾਲਾ।

55. 32. ਦਾਤਾਂ ਦੇ ਦੇਣ ਵਾਲੇ।

56. 33. ਪ੍ਰਵਾਨ ਹੋਵੇ, ਭਾਵੇ।

੫੭. ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥
ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥

*(ਪੰਨਾ ੭੫੩)*

੫੮. ਦੁਇ ਕਰ [੩੪] ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥
ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥

*(ਪੰਨਾ ੭੪੯)*

੫੯. ਦੁਇ ਕਰ [੩੪] ਜੋੜਿ ਕਰਉ ਅਰਦਾਸਿ ॥
ਤੁਧੁ ਭਾਵੈ ਤਾ ਆਣਹਿ [੩੫] ਰਾਸਿ ॥
ਕਰਿ ਕਿਰਪਾ ਅਪਨੀ ਭਗਤੀ ਲਾਇ ॥
ਜਨ ਨਾਨਕ ਪ੍ਰਭੁ ਸਦਾ ਧਿਆਇ [੩੬] ॥ ੪ ॥

*(ਪੰਨਾ ੭੩੬-੭੩੭)*

੬੦. ਕ੍ਰਿਪਾ ਨਿਧਾਨ [੩੭] ਨਾਨਕ ਕਉ ਕਰਹੁ ਦਾਤਿ ॥
ਨਾਮੁ ਤੇਰਾ ਜਪੀ ਦਿਨੁ ਰਾਤਿ ॥ *(ਪੰਨਾ ੭੪੦)*

੬੧. ਨਿਮਖ ਨ ਬਿਸਰਹਿ ਹਰਿ ਚਰਣ [੩੮] ਤੁਮ੍ਹਾਰੇ ॥
ਨਾਨਕ ਮਾਗੈ ਦਾਨੁ ਪਿਆਰੇ ॥ ੪ ॥ *(ਪੰਨਾ ੭੪੩)*

58. 34. ਹੱਥ।

59. 35. ਠੀਕ ਕਰਦਾ ਹੈ, ਸਵਾਰਦਾ ਹੈ। 36. ਧਿਆਨ, ਚੇਤੇ ਵਿਚ ਰੱਖਾਂ।

60. 37. ਹੇ ਕਿਰਪਾ ਦੇ ਭੰਡਾਰ।

61. 38. ਸ਼ਬਦ, ਨਾਮ।

੬੨. ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ
ਜਿਚਰੁ ਘਟ [੩੯] ਅੰਤਰਿ ਹੈ ਸਾਸਾ ॥
ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥

*(ਪੰਨਾ ੬੦੧)*

੬੩. ਮੈ ਤਾਣੁ [੪੦] ਦੀਬਾਣੁ [੪੧] ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥ ੨ ॥

*(ਪੰਨਾ ੭੩੫)*

੬੪. ਤੂ ਅਥਾਹੁ [੪੨] ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ ॥
ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ ॥ ੩ ॥
ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ [੪੩] ਤੁਧੁ ਭਾਵਾ ॥
ਨਾਮੁ ਤੇਰਾ ਸੁਖੁ [੪੪] ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥ ੪ ॥ *(ਪੰਨਾ ੭੪੭-੪੮)*

੬੫. ਮਹਾ [੪੫] ਕਲੋਲ [੪੬] ਬੁਝਹਿ ਮਾਇਆ ਕੇ
ਕਰਿ ਕਿਰਪਾ ਮੇਰੇ ਦੀਨ ਦਇਆਲ ॥
ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ [੪੭] ॥ ੧ ॥ *(ਪੰਨਾ ੬੮੩)*

62. 39. ਹਿਰਦਾ।

63. 40. ਬਲ। 41. ਹਾਕਮ-ਜਿਸ ਪਾਸ ਫਰਿਆਦ ਕੀਤੀ ਜਾਵੇ।

64. 42. ਹਥਾਲੇ ਤੋਂ ਰਹਿਤ। 43. ਮਾਲਕ। 44. ਦਾਨ।

65. 45. ਵੱਡੇ। 46. ਚਮਤਕਾਰ। 47. ਮਿਹਨਤ, ਮੁਸ਼ੱਕਤ।

੬੬. ਅਨਿਕ [੪੮] ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ ॥
ਓਟ ਗਹੀ [੪੯] ਅਬ ਸਾਧ ਸੰਗਾਰੇ [੫੦] ॥ ੨ ॥
ਅਗਮ ਅਗੋਚਰੁ ਅਲਖ ਅਪਾਰੇ [੫੧] ॥
ਨਾਨਕੁ ਸਿਮਰੈ ਦਿਨੁ ਰੈਨਾਰੇ ॥ ੩ ॥ *(ਪੰਨਾ ੭੪੦)*

੬੭. ਆਏ ਅਨਿਕ ਜਨਮ ਭ੍ਰਮਿ ਸਰਣੀ ॥
ਉਧਰੁ ਦੇਹ ਅੰਧ ਕੂਪ ਤੇ [੫੨] ਲਾਵਹੁ ਅਪੁਨੀ ਚਰਣੀ ॥ ੧ ॥ ਰਹਾਉ ॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥
ਸਾਧਸੰਗਤਿ ਕੈ ਅੰਚਲਿ [੫੩] ਲਾਵਹੁ ਬਿਖਮ [੫੪] ਨਦੀ ਜਾਇ ਤਰਣੀ ॥ ੧ ॥
*(ਪੰਨਾ ੭੦੨)*

੬੮. ਹਮ ਅੰਧੁਲੇ ਗਿਆਨਹੀਨ [੫੫] ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥ ੪ ॥
*(ਪੰਨਾ ੬੯੬)*

੬੯. ਨਦੀ ਤਰੰਦੜੀ ਮੈਡਾ ਖੋਜੁ [੫੬] ਨ ਖੁੰਭੈ [੫੭] ਮੰਞਿ [੫੮] ਮੁਹਬਤਿ ਤੇਰੀ ॥
ਤਉ ਸਹ [੫੯] ਚਰਣੀ ਮੈਡਾ ਹੀਅੜਾ [੬੦] ਸੀਤਮੁ [੬੧]
ਹਰਿ ਨਾਨਕ ਤੁਲਹਾ ਬੇੜੀ ॥ ੧ ॥
*(ਪੰਨਾ ੫੨੦)*

66. 48. ਅਨੇਕਾਂ। 49. ਆਸਰਾ ਲਿਆ। 50. ਸਾਧ ਦੀ ਸੰਗਤਿ ਦਾ। 51. ਮਨ ਬੁੱਧੀ ਦੀ ਗਮਤਾ ਤੋਂ ਪਰੇ, ਗਿਆਨ ਇੰਦ੍ਰੀਆਂ ਦੀ ਪਕੜ ਤੋਂ ਪਰੇ, ਲਖਤਾ ਵਿਚ ਨਾ ਆਉਣ ਵਾਲੇ ਤੇ ਪਾਰਾਵਾਰ ਤੋਂ ਰਹਿਤ।

67. 52. ਉਧਾਰ ਦਿਉ, ਪਾਰ ਪਾਵੋ, ਮਾਇਆ ਦੇ ਬੇਅੰਤ ਖੂਹ ਤੋਂ। 53. ਪਲਾ। 54. ਔਖੀ।

68. 55. ਗਿਆਨ ਤੋਂ ਸਖਣੇ।

69. 56. ਪੈਰ। 57. ਖੁਭੇ। 58. ਮੈਨੂੰ। 59. ਮਾਲਕ, ਖਸਮ। 60. ਹਿਰਦਾ। 61. ਠੰਢਾ।

੭੦. ਨਿਰਗੁਣੁ ਮੁਗਧੁ [੬੨] ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥
ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ [੬੩] ॥ ੪ ॥

*(ਪੰਨਾ ੭੪੮)*

੭੧. ਕਿਰਪਾ ਕਰਹੁ ਦੀਨ [੬੪] ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥ ੧ ॥

*(ਪੰਨਾ ੮੮੨)*

੭੨. ਦਇਆ ਕਰਹੁ ਬਸਹੁ ਮਨਿ ਆਇ ॥
ਮੋਹਿ ਨਿਰਗੁਨ ਲੀਜੈ ਲੜਿ ਲਾਇ ॥ ਰਹਾਉ ॥

*(ਪੰਨਾ ੮੦੨)*

੭੩. ਦਇਆ ਕਰਹੁ ਹਰਿ ਦਰਸੁ ਦਿਖਾਵਹੁ
ਮੇਰੈ ਮਨਿ ਤਨਿ ਲੋਚ [੬੫] ਘਣੇਰੀ ॥ ੧ ॥

*(ਪੰਨਾ ੧੭੦)*

੭੪. ਦਇਆ ਕਰਹੁ ਦਇਆਲ ਅਪਣੀ ਸਿਫਤਿ ਦੇਹੁ ॥
ਦਰਸਨੁ ਦੇਖਿ ਨਿਹਾਲ ਨਾਨਕ ਪ੍ਰੀਤਿ ਏਹ ॥ ੧ ॥ *(ਪੰਨਾ ੯੬੧)*

੭੫. ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥
ਗੁਣ ਗਾਵੈ ਨਾਨਕੁ ਨਿਤ ਤੇਰੇ ॥ ੪ ॥ *(ਪੰਨਾ ੧੧੪੪)*

---

70. 62. ਨਾ-ਸਮਝ, ਮੂਰਖ। 63. ਹੁਕਮ, ਮਰਜ਼ੀ, ਇੱਛਾ।
71. 64. ਦੁਖੀਆ।
73. 65. ਰੀਝ, ਇੱਛਾ।

੭੬. ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥
ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਗਹ ਸਤਿਗੁਰ ਪਾਏ ॥ ੩ ॥

*(ਪੰਨਾ ੧੧੧੪)*

੭੭. ਅਸੀ ਖਤੇ [੬੬] ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥

*(ਪੰਨਾ ੧੪੧੬)*

੭੮. ਜੇਤਾ ਸਮੁੰਦੁ ਸਾਗਰੁ ਨੀਰਿ [੬੭] ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥ ੫ ॥

*(ਪੰਨਾ ੧੫੬)*

੭੯. ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ ੧ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ [੬੮] ॥
ਨਾਨਕ ਭਾਵੈ ਪਾਰਬ੍ਰਹਮ ਪਾਹਨ [੬੯] ਨੀਰਿ ਤਰੇ ॥ *(ਪੰਨਾ ੨੬੧)*

੮੦. ਜੈਸਾ ਬਾਲਕੁ ਭਾਇ [੭੦] ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ ੨ ॥ *(ਪੰਨਾ ੬੨੪)*

77. 66. ਭੁੱਲਾਂ, ਗਲਤੀਆਂ।
78. 67. ਪਾਣੀ।
79. 68. ਖਰਿਆਂ ਦੀ ਸੰਗਤਿ ਵਿਚ। 69. ਪੱਥਰ ਦਿਲ, ਜਾਲਮ।
80. 70. ਸੁਭਾਅ ਦੇ ਅਧੀਨ, ਸੁਭਾਅ ਦੇ ਪ੍ਰੇਮ ਕਰਕੇ।

੮੧. ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ [੭੧] ਜਾਇ ਅਹੰਮੇਵ [੭੨] ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ [੭੩] ਗੁਰਦੇਵ [੭੪] ॥

*(ਪੰਨਾ ੨੬੯)*

੮੨. ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ [੭੫] ਆਪਨ ਨਿਕਟਿ ਬੁਲਾਵਹੁ ॥ ੧ ॥

*(ਪੰਨਾ ੬੧੭)*

੮੩. ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ ॥
ਸੰਤਹ ਸੰਗੁ ਸੰਤ ਸੰਭਾਖਨੁ [੭੬] ਹਰਿ ਕੀਰਤਨਿ ਮਨੁ ਜਾਗੈ [੭੭] ॥ ੨ ॥

*(ਪੰਨਾ ੬੭੪)*

੮੪. ਸਾਦ [੭੮] ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ [੭੯] ਕਰਿ ਫੇਰੇ ॥
ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ ॥ ੪ ॥ *(ਪੰਨਾ ੬੧੫)*

੮੫. ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ [੮੦] ਦਇਆਲ ॥
ਏਕ ਅਖਰੁ [੮੧] ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ *(ਪੰਨਾ ੨੬੧)*

81. 71. ਨਾਸ ਹੋ ਜਾਵੇ। 72. ਹੰਕਾਰ। 73. ਕਿਰਪਾ। 74. ਪ੍ਰਕਾਸ਼ ਰੂਪ ਪ੍ਰਭੂ।

82. 75. ਮਾਰ ਕੇ ਕੱਢ ਦਿਉ।

83. 76. ਗਲ ਬਾਤ। 77. ਮਨ ਜਾਗਦਾ ਰਹੇ, ਸਾਵਧਾਨ ਰਹੇ, ਇਕਾਗਰ ਰਹੇ।

84. 78. ਵਿਸ਼ਿਆਂ ਦੇ ਸਵਾਦ। 79. ਅਨੇਕਾਂ ਗਲਤੀਆਂ ਕਰਕੇ ਜਨਮ ਮਰਨ ਦੇ ਫੇਰੇ।

85. 80. ਕਿਰਪਾ ਦੇ ਭੰਡਾਰ। 81. ਇਕ ਨਾ ਨਾਸ਼ ਹੋਣ ਵਾਲਾ, ਵਾਹਿਗੁਰੂ।

**੮੬. ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ [੮੨] ਤੁਮ੍ਰੀ ਓਰਿ [੮੩] ॥**
**ਅਭੈ ਪਦੁ [੮੪] ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ [੮੫] ॥ ੨ ॥**

*(ਪੰਨਾ ੭੦੧)*

**੮੭. ਸਰਣਿ ਸਮਰਥ ਅਗੋਚਰ [੮੬] ਸੁਆਮੀ ॥**
**ਉਧਰੁ [੮੭] ਨਾਨਕ ਪ੍ਰਭ ਅੰਤਰਜਾਮੀ ॥ ੪ ॥**

*(ਪੰਨਾ ੭੪੩)*

**੮੮. ਦੀਨ ਦਰਦ ਦੁਖ ਭੰਜਨਾ [੮੮] ਘਟਿ ਘਟਿ ਨਾਥ ਅਨਾਥ [੮੯] ॥**
**ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ [੯੦] ॥**

*(ਪੰਨਾ ੨੬੩)*

**੮੯. ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥**
**ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥**

*(ਪੰਨਾ ੨੮੯)*

**੯੦. ਕਹੁ ਨਾਨਕ ਹਮ ਨੀਚ ਕਰੰਮਾ [੯੧] ॥**
**ਸਰਣਿ ਪਰੇ ਕੀ ਰਾਖਹੁ ਸਰਮਾ [੯੨] ॥ ੨ ॥** *(ਪੰਨਾ ੧੨)*

---

86. 82. ਵੇਖਦਾ ਹਾਂ। 83. ਵਲ। 84. ਨਿਰਭੈ ਅਵਸਥਾ। 85. ਬੰਧਨ ਛੁਡਾ ਦਿਉ (ਮਾਇਆ ਦੇ)।

85. 86. ਗਿਆਨ ਇੰਦ੍ਰੀਆਂ ਦੀ ਪਕੜ ਤੋਂ ਪਰੇ। 87. ਉਧਾਰ ਦਿਉ।

88. 88. ਦੁਖੀਆਂ ਦੇ ਦਰਦਾਂ ਦਾ ਨਾਸ਼ ਕਰਨ ਵਾਲੇ। 89. ਸਰਵ ਵਿਆਪਕ ਤੇ ਨਿਖਸਮਿਆਂ ਦੇ ਮਾਲਕ। 90. ਹੇ ਨਾਨਕ ਦੇ ਸਾਥੀ ਪ੍ਰਭੂ ਜੀਉ।

90. 91. ਨੀਵੇਂ ਕਰਮਾਂ ਵਾਲਾ। 92. ਲਾਜ।

**੯੧. ਸਰਨਿ ਪਰੇ ਕੀ ਰਾਖੁ ਦਇਆਲਾ ॥**
**ਨਾਨਕ ਤੁਮਰੇ ਬਾਲ ਗੁਪਾਲਾ [੯੩] ॥**

*(ਪੰਨਾ ੨੬੦)*

**੯੨. ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ [੯੪] ॥**
**ਆਨ ਨ ਬੀਆ [੯੫] ਤੇਰੀ ਸਮਸਰਿ [੯੬] ॥ ੩ ॥**

*(ਪੰਨਾ ੩੭੧)*

**੯੩. ਕਿਸ ਹੀ ਕੋਈ ਕੋਇ ਮੰਞੁ [੯੭] ਨਿਮਾਣੀ ਇਕੁ ਤੂ ॥**
**ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ [੯੮] ਨ ਆਵਹੀ ॥ ੧ ॥**

*(ਪੰਨਾ ੭੯੧)*

**੯੪. ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥**
**ਕਿਸ ਹੀ ਜੋਰੁ ਦੀਬਾਨ [੯੯] ਮਾਇਆ ਕਾ ॥**
**ਮੈ ਹਰਿ ਬਿਨੁ ਟੇਕ [੧੦੦] ਧਰ ਅਵਰ ਨ ਕਾਈ**
**ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥ ੧੩ ॥**

*(ਪੰਨਾ ੧੦੭੧)*

**੯੫. ਚਾਰੇ ਕੁੰਡਾ [੧] ਢੂਢੀਆ ਕੋ ਨੀਮ੍ਹੀ ਮੈਡਾ [੨] ॥**
**ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ [੩] ॥ ੧ ॥** *(ਪੰਨਾ ੪੧੮)*

91. 93. ਦੁਨੀਆਂ ਪਾਲਣ ਵਾਲੇ।
92. 94. ਤਰਫ, ਵਲ। 95. ਦੂਜਾ। 96. ਬਰਾਬਰ।
93. 97. ਮੇਰਾ। 98. ਹਿਰਦੇ ਵਿਚ।
94. 99. ਹਕੂਮਤ। 100. ਆਸਰਾ।
95. 1. ਤਰਫਾਂ, ਦਿਸ਼ਾਵਾਂ। 2. ਨਹੀਂ ਹੈ ਮੇਰਾ। 3. ਤੇਰਾ।

੯੬. ਦਰੁ ਬੀਭਾ [੪] ਮੈ ਨੀਮ੍ਹਿ [੫] ਕੋ ਕੈ ਕਰੀ ਸਲਾਮੁ ॥
ਹਿਕੋ [੬] ਮੈਡਾ [੭] ਤੂ ਧਣੀ [੮] ਸਾਚਾ ਮੁਖਿ ਨਾਮੁ ॥ ੧ ॥ ਰਹਾਉ ॥

*(ਪੰਨਾ ੪੧੮)*

੯੭. ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ [੯] ਨ ਮੋਰਾ ॥
ਅਉਸਰ [੧੦] ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ੪ ॥

*(ਪੰਨਾ ੮੫੮)*

੯੮. ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥
ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥ ੨ ॥

*(ਪੰਨਾ ੮੦੬)*

੯੯. ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ ॥ ੧ ॥ ਰਹਾਉ ॥ *(ਪੰਨਾ ੭੩੬)*

੧੦੦. ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ [੧੧] ਫੇਰਾ ॥ ੩ ॥

*(ਪੰਨਾ ੧੧੦੪)*

੧੦੧. ਮੈ ਮੂਰਖ ਮੁਗਧ [੧੨] ਊਪਰਿ ਕਰਹੁ ਦਇਆ ॥
ਤਉ ਸਰਣਾਗਤਿ ਰਹਉ ਪਇਆ ॥ ੩ ॥ *(ਪੰਨਾ ੧੧੭੦)*

96. 4. ਦੂਜਾ। 5. ਨਹੀਂ ਹੈ। 6. ਇਕੋ। 7. ਮੇਰਾ। 8. ਮਾਲਕ, ਸਾਈ।

97. 9. ਹੈ। 10. ਮੌਕਾ, ਸਮਾਂ।

100. 11. ਡਰ ਦੇ ਸਮੁੰਦਰ ਵਿਚ, ਸੰਸਾਰ ਵਿਚ।

101. 12. ਨਾਸਮਝ, ਮੂਰਖ।

ਇਹ ਪੁਸਤਕ ਗੁਰਮੱਤਿ ਦੇ ਪ੍ਰਚਾਰ ਵਾਸਤੇ ਸੰਗਤਾਂ ਨੂੰ ਮੁਫਤ ਭੇਟਾ ਕਰਨ ਲਈ ਛਪਾਈ ਗਈ ਹੈ। ਕੋਈ ਵੀ ਵਿਅਕਤੀ, ਸੰਸਥਾ, ਸੁਸਾਇਟੀ, ਟਰਸਟ, ਸਭਾ, ਗੁਰਦੁਆਰਾ ਆਦਿ ਇਹ ਪੁਸਤਕ ਛਪਵਾ ਕੇ ਸੰਗਤਾਂ ਨੂੰ ਮੁਫਤ ਭੇਟਾ ਕਰਨਾ ਚਾਹੁਣ ਤਾਂ ਦਾਸ ਨੂੰ ਕੋਈ ਇਤਰਾਜ਼ ਨਹੀਂ ਹੈ। ਸਗੋਂ ਐਸਾ ਕਰਨ ਵਾਲਿਆਂ ਦਾ ਦਾਸ ਧੰਨਵਾਦੀ ਹੋਵੇਗਾ। ਕਿਸੇ ਨੂੰ ਵੀ ਇਹ ਪੁਸਤਕ ਮੁਲ ਵੇਚਣ ਦੀ ਆਗਿਆ ਨਹੀਂ ਹੈ ਜੀ।

ਅਗਰ ਆਪ ਜੀ ਇਹ ਪੁਸਤਕ ਖੁਦ ਛਪਵਾ ਕੇ ਸੰਗਤਿ ਵਿਚ ਨਾ ਵੰਡ ਸਕੋ, ਪਰ ਇਸ ਕੰਮ ਵਿੱਚ ਸਹਿਯੋਗ ਦੇਣਾ ਚਾਹੋ, ਤਾਂ ਆਪ ਨੇ ਸ੍ਵੈ ਇਛਾ ਅਨੁਸਾਰ ਮਾਇਆ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ। ਤੁਸੀਂ ਮਾਇਆ ਸਿਧੀ ਮੇਰੇ ਅਕਾਂਊਟ ਨੰਬਰ DCSB-000010364, ਕੇਨਰਾ ਬੈਕ, ਸੈਕਟਰ ਨੰਬਰ-35, ਚੰਡੀਗੜ੍ਹ (ਭਾਰਤ) ਵਿਚ Electronically ਵੀ ਭੇਜ ਸਕਦੇ ਹੋ ਜੀ।


ਸਤਿਗੁਰ ਸੇਵਕ

**ਬਲਜੀਤ ਸਿੰਘ**

ਆਈ. ਪੀ. ਐਸ. (ਰਿਟਾ.)

ੴ ਸਤਿਸੰਗ

1119, ਫੇਜ਼-1, ਅਰਬਨ ਅਸਟੇਟ, ਜਲੰਧਰ-144022

E-mail : ikoankarsatsang@rediffmail.com

Website : www.ikoankarsatsang.com

Ph. : 98152-79600